Oh Aakhdi Hai
(A Book Of Poetry)
By
© Sukhvir Singh Soohe Akhar

2016

ISBN 978-93-85235-17-7

Price : (Paper Back–Rs.180/-)
(Hard Bound–Rs.220/-)

Published by
Caliber Publication
Patiala (Punjab) 148002
Mob. 98154-48958, 80548-69313
Email : caliberpublication@gmail.com

Printed & Bound at:
Shiv Shakti Printing Press, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

ਸਮਰਪਣ

ਹਰ ਆਦਮੀ ਦੇ ਅੰਦਰ
ਵਾਸ ਕਰਦੀ ਔਰਤ ਨੂੰ॥

ਇਹ ਸ਼ਬਦਾਂ ਦੀ ਦਾਤ ਹੈ
ਇਹ ਤਾਂ ਰੱਬ ਆਪ ਹੈ
ਇਹ ਉਸੇ ਦਾ ਹੁਕਮ ਹੈ
ਅਸੀਂ ਸਿਰ ਝੁਕਾ ਕੇ ਮੰਨਿਆ

Scanned by CamScanner

ਵੱਡੇ ਵੀਰ ਅਨਿਲ ਆਦਮ ਨੂੰ ਉਹਨਾਂ ਦੀ ਰਾਇ ਜਾਣਨ ਲਈ ਕਿਤਾਬ ਛਪਣ ਤੋਂ ਪਹਿਲਾਂ ਪੜ੍ਹਨ ਲਈ ਭੇਜੀ ਗਈ ਸੀ। ਉਹਨਾਂ ਵੱਲੋਂ ਇਹ ਸ਼ਬਦ ਨਸੀਬ ਹੋਏ ਹਨ।

...

ਦੁਨੀਆਂ 'ਚ ਲੱਖਾਂ ਕਰੋੜਾਂ ਜੀਵ ਆਪੋ ਆਪਣੇ ਵਿੱਤ ਮੁਤਾਬਕ ਕੁਝ ਨਾ ਕੁਝ ਖੱਟਣ ਗੁਆਉਣ ਦੇ ਆਹਰ 'ਚ ਰੁੱਝੇ ਹੋਏ ਹਨ। ਪਰ ਸੁਖਵੀਰ ਦਾ ਵਣਜ-ਵਿਹਾਰ ਰਤਾ ਕੁ ਨਿਵੇਕਲਾ ਹੈ...। ਉਹ ਪੈਰ ਪੈਰ 'ਤੇ ਹਉਮੈ ਗਵਾਉਂਦਾ ਹੈ। ਫ਼ਕੀਰੀ ਕਮਾਉਂਦਾ ਹੈ। ਫ਼ਕੀਰੀ ਹੰਢਾਉਂਦਾ ਐ। ਸ਼ਬਦ ਜਦੋਂ ਸੁਖਵੀਰ ਵਰਗੇ ਫ਼ਕੀਰ ਨੂੰ ਮਿਲਦੇ ਨੇ... ਛੂੰਹਦੇ ਨੇ..... ਤਾਂ ਕਵਿਤਾ ਹੋ ਜਾਂਦੇ ਨੇ.....। 'ਉਹ ਆਖਦੀ ਹੈ' ਪੜ੍ਹਦਿਆਂ ਮੈਥੋਂ ਬਸ ਇਹੋ ਆਖ ਹੋਇਆ ਹੈ :-

ਪਿਆਰ ਕਰੋ
ਪਿਆਰ ਦੀ ਤਾਕਤ ਨੂੰ ਮਹਿਸੂਸ ਕਰੋ
ਤੇ ਫਿਰ ਆਪਣਾ ਅਨੁਭਵ
ਕਿਤਾਬਾਂ 'ਚ ਭਰ ਦਿਓ
ਇਹੋ ਤਾਂ ਹੁੰਦਾ ਹੈ ਕਵਿਤਾ ਲਿਖਣਾ
ਇਹ ਮੁਬਾਰਕ ਘੜੀ ਹੈ
ਕਿ ਕਵਿਤਾ ਲਿਖੀ ਜਾ ਰਹੀ ਹੈ

.....

ਅਨਿਲ ਆਦਮ
ਫਿਰੋਜ਼ਪੁਰ - 09.08.2016

ਜਿਸ ਦਿਨ ਆਦਮੀ
ਆਪਣੇ ਅੰਦਰ ਵਾਸ ਕਰਦੀ ਔਰਤ ਦੇ
ਬਰਾਬਰ ਦਾ ਹੋ ਜਾਵੇ
ਸੰਪੂਰਨ ਹੁੰਦਾ ਹੈ

ਮੰਨਿਆ ਸ਼ਬਦਾਂ ਤੋਂ ਛੋਟਾ ਹਾਂ
ਮੈਂ ਤੇਰੇ ਜਿੱਡਾ ਹੋਣਾ ਹੈ

Scanned by CamScanner

- ਕਾਢ 165
- ਦਿਲ-ਦਿਮਾਗ 166
- ਇੱਕ ਦੂਜੇ ਤੱਕ 166
- ਭਾਲ-ਟੋਲ 166
- ਜੋ ਵੀ ਹੋਇਆ 167
- ਮੈਂ ਕੋਈ ਨਹੀਂ ਹਾਂ 167
- ਵਿਡੰਬਨਾ 168
- ਬੇ-ਨਕਾਬ 168
- ਉਤਪਤੀ 168
- ਮੈਂ ਜਿਉਂਦਾ ਹਾਂ 169
- ਮੇਰੇ ਲਈ 169
- ਬੇਬਾਕ 169
- ਜਦੋਂ ਤੇਰੇ ਕੋਲੋਂ ਪਰਤਿਆ 170
- ਨਿਯਮ 170
- ਮੇਰੇ ਹਿੱਸੇ, ਤੇਰੇ ਕੰਮ 171
- ਸਭ ਹਾਜ਼ਰ ਹੈ 171
- ਮੇਰੀ ਮੰਨਿਆ ਕਰ 172
- ਕੁੜੀਆਂ ਤੇ ਕਵਿਤਾਵਾਂ 172
- ਮੁਹੱਬਤ ਹੈ 173
- ਤੇਰੇ ਕਰਕੇ 173
- ਉਹ ਉਡੀਕਦੀ ਹੈ 174
- ਕਿੰਨੀ ਕੁ ਦੇਰ 175
- ਸੰਪੂਰਨਤਾ 175
- ਫਿਕਰ ਨਾ ਕਰਨਾ 176
- ਅੱਖਰ ਵੀ ਤੇਰੇ 176
- ਕਵੀ ਹੋਣਾ 177
- ਅਰਥ-ਅਨਰਥ 177
- ਆਪਣੇ ਅਨੁਸਾਰ 178
- ਨਾਸਮਝੀ 178
- ਇੱਕੋ ਜਿਹੇ 178
- ਤੇਹ 179
- ਜੇ ਸੁਣ ਸਕੇਂ 179
- ਧਰਵਾਸ 179
- ਚੁੱਪ ਕਲ੍ਹੈਣੀ 180
- ਰਿਸ਼ਤੇ 180
- ਇਹੀ ਚੰਗਾ ਲਗਦਾ 180
- ਹੁਣ ਮੈਂ... 181
- ਤੇਰਾ ਹੋਣ ਲੱਗਾ ਹਾਂ 181
- ਜਿਵੇਂ ਤੂੰ ਚਾਹੇਂ 182
- ਰੱਬ ਨੂੰ 183
- ਹੁਣ ਵੀ 184
- ਲੱਭਤ 184
- ਇੱਕ ਸ਼ਬਦਾਂ ਕਰਕੇ 184
- ਉਹ ਕੀ ਕਰੇ? 185
- ਕਵਿਤਾ ਤੋਂ ਬਿਨਾ 185
- ਇਸੇ ਤਰ੍ਹਾਂ ਹੈ 186
- ਹਰ ਵਾਰ 186
- ਯੁਗ ਕਥਾ 187
- ਇਹੀ ਸੱਚ ਹੈ 187
- ਜੋ ਮੈਂ ਹਾਂ 187
- ਆਮਨਦੀਪ ਦੇ ਕਹਿਣ 'ਤੇ 188
- ਮੇਰੇ ਕਰਕੇ 188
- ਮਰਨ ਦੇ ਅਰਥ 189
- ਉਹ ਆਖਦੀ ਹੈ 190

ਆਦਿਕਾ

ਮੈਨੂੰ ਕੁਝ ਵੀ ਬੋਲਣਾ ਔਖਾ ਲਗਦਾ
ਲਿਖਣਾ ਸੌਖਾ
ਸ਼ਾਇਦ ਬੋਲਣਾ ਸਿੱਖਿਆ ਨਹੀਂ
ਜਾਂ ਆਦਤ ਨਹੀਂ ਪਈ
ਜਦੋਂ ਬੋਲਣ ਨੂੰ ਬੜਾ ਕੁਝ ਸੀ
ਉਦੋਂ ਲੱਗਿਆ ਹੋਣਾ ਮਨ ਨੂੰ
ਕਿਸ ਨੇ ਸੁਣਨਾ?
ਸ਼ਾਇਦ ਇਸੇ ਲਈ ਬੋਲਾਂ ਨੇ
ਆਪਣਾ ਰੂਪ ਬਦਲਿਆ
ਸ਼ਬਦ ਹੋ ਗਏ
ਤੇ ਮੈਨੂੰ ਸ਼ਬਦਾਂ ਦੀ ਆਦਤ ਹੈ
ਮੈਂ ਸ਼ਬਦਾਂ ਰਾਹੀਂ ਸਾਹ ਲੈਂਦਾ ਹਾਂ
ਕਵਿਤਾ ਦੇ ਕਾਰਨ ਜਿਉਂਦਾ ਹਾਂ
ਜ਼ਿੰਦਗੀ ਵਿੱਚ ਡੁੱਬਦਿਆਂ
ਜਦੋਂ ਖੁੱਲ੍ਹ ਕੇ ਸਾਹ ਲੈਣਾ ਹੋਵੇ
ਕਵਿਤਾ ਦਾ ਪੱਲਾ ਫੜ੍ਹ
ਸ਼ਬਦਾਂ ਕੋਲ ਆ ਜਾਂਦਾ ਹਾਂ
ਸ਼ਬਦ ਰੁੱਸ ਗਏ ਸਨ ਮੇਰੇ ਤੋਂ
ਕਵਿਤਾ ਚਲੀ ਗਈ ਸੀ ਦੂਰ
ਪੂਰੇ ਪੰਦਰਾਂ ਸਾਲ
ਕੁਝ ਨਹੀਂ ਲਿਖਿਆ, ਕੁਝ ਨਹੀਂ ਬੋਲਿਆ
ਫਿਰ ਸ਼ਬਦਾਂ ਨੇ ਹੀ ਇਹ ਕੰਮ ਕੀਤਾ
ਸ਼ਬਦ ਹਮੇਸ਼ਾ ਆਪਣਾ ਕੰਮ ਕਰਦੇ ਹਨ
ਮੈਂ ਪੜ੍ਹਿਆ ਕਿਤੇ
"ਆਪਣੀ ਯੋਗਤਾ ਦਾ ਉਪਯੋਗ ਨਾ ਕਰਨਾ ਪਾਪ ਹੈ"
ਮੈਂ ਫਿਰ ਲਿਖਣ ਲੱਗਿਆ
ਯੋਗਤਾ ਹਰ ਮਨੁੱਖ ਕੋਲ ਹੁੰਦੀ ਹੈ
ਕੁਝ ਨੂੰ ਉਸ ਬਾਰੇ ਪਤਾ ਨਹੀਂ ਹੁੰਦਾ
ਕੁਝ ਉਸ ਦਾ ਉਪਯੋਗ ਨਹੀਂ ਕਰਦੇ
ਯੋਗਤਾ ਮਰਦੇ ਦਮ ਤੱਕ ਮਨੁੱਖ ਦੇ ਨਾਲ ਹੈ

Scanned by CamScanner

ਪਰ ਇੱਥੇ ਬਹੁਤ ਲੋਕ ਹਨ
ਜੋ ਪਾਪ ਪੁੰਨ ਨੂੰ ਨਹੀਂ ਮੰਨਦੇ
ਪਰ ਉਹ ਵੀ ਗਲਤ, ਠੀਕ ਨੂੰ ਜ਼ਰੂਰ ਮੰਨਦੇ ਹੋਣਗੇ
ਜਦੋਂ ਮਨੁੱਖ ਪਸ਼ੂ ਨਹੀਂ ਹੁੰਦਾ
ਤਾਂ ਗਲਤ ਠੀਕ 'ਚੋਂ
ਠੀਕ ਨੂੰ ਚੁਣਦਾ ਹੈ
ਇਸੇ ਲਈ ਮਨੁੱਖ ਹੁੰਦਾ ਹੈ
ਤੁਸੀਂ ਆਪਣੀ ਯੋਗਤਾ ਦਾ ਉਪਯੋਗ ਕਰਨਾ
ਜਦੋਂ ਕੋਈ ਚੰਗੀ ਗੱਲ ਮਿਲੇ
ਉਸ ਨੂੰ ਅੱਗੇ ਕਿਸੇ ਨੂੰ ਦੱਸ ਦੇਣਾ
ਸ਼ਬਦ ਇਸ ਵਿੱਚ ਤੁਹਾਡਾ ਸਾਥ ਦੇਣਗੇ
ਇਸ ਤਰ੍ਹਾਂ ਤੁਸੀਂ ਇੱਕ ਜੀਵ ਤੋਂ
ਮਨੁੱਖ ਵਿੱਚ ਪਰਿਵਰਤਿਤ ਹੋਣ ਲੱਗੋਗੇ
ਕਵਿਤਾ ਕਵੀਆਂ ਕੋਲ ਉਪਜਦੀ ਹੈ
ਕੋਈ ਵੀ ਬੱਚਾ ਸਿਰਫ਼ ਗੋਦ 'ਚ ਬੈਠੇ ਰਹਿਣ ਨਾਲ ਹੀ
ਸਪੰਨ ਨਹੀਂ ਹੋ ਸਕਦਾ
ਉਸ ਨੂੰ ਤੁਰਨਾ ਪੈਂਦਾ ਹੈ
ਕਵਿਤਾ ਪਾਠਕ ਦੀ ਉਂਗਲ ਫੜ੍ਹਕੇ ਤੁਰਦੀ ਹੈ
ਪੂਰੀ ਦੁਨੀਆਂ ਵਿੱਚ ਘੁੰਮ ਜਾਂਦੀ ਹੈ
ਇਹ ਪਾਠਕ ਦੀ ਯੋਗਤਾ ਹੈ
ਉਹ ਸ਼ਬਦਾਂ ਦੀ ਉਂਗਲ ਅੱਗੇ ਅੱਗੇ
ਕਿਸੇ ਨੂੰ ਫੜਾਉਂਦਾ ਰਹੇ
ਤੇ ਜੇ ਮੈਂ ਕਦੇ ਵੀ ਦੁਨੀਆਂ ਦਾ ਸ੍ਰੇਸ਼ਠ ਕਵੀ ਹੋਵਾਂ
ਤਾਂ ਵੀ
ਇੱਕ ਪਾਠਕ ਤੋਂ ਛੋਟਾ ਰਹਾਂਗਾ
ਪਾਠਕ ਦੀ ਉਸ ਉਂਗਲ ਤੋਂ ਵੀ ਛੋਟਾ
ਜਿਸ ਨੂੰ ਫੜ੍ਹ ਕੇ ਕਵਿਤਾ ਤੁਰਦੀ ਹੈ

.....

ਇਸ ਕਿਤਾਬ ਬਾਰੇ ਹਾਲੇ ਕੁਝ ਨਹੀਂ ਕਹਿਣਾ। ਇਹ ਸਭ ਨੇ ਹਾਲੇ ਪੜ੍ਹਨੀ ਹੈ ।
ਇਸੇ ਲਈ.....
ਇਸ ਕਿਤਾਬ ਤੋਂ ਪਹਿਲਾਂ ਛਪੀ ਕਿਤਾਬ 'ਆਪਣੇ ਹਿੱਸੇ ਦਾ ਮੌਨ' ਜਿਨ੍ਹਾਂ ਭੈਣਾਂ, ਭਰਾਵਾਂ ਨੇ ਪੜ੍ਹੀ ਉਹਨਾਂ ਨੇ ਇਸ ਬਾਰੇ

ਆਪਣੇ ਵਿਚਾਰ ਲਿਖੇ । ਉਹਨਾਂ ਵਿੱਚੋਂ ਹੀ ਵੀਰ ਨਵਦੀਪ ਮੁੰਡੀ ਨੇ ਅਖਬਾਰਾਂ ਵਿੱਚ ਅਤੇ ਵੀਰ ਭੁਪਿੰਦਰ ਚਾਹਲ ਵੱਲੋਂ ਫੇਸਬੁੱਕ ਤੇ ਆਪਣੀ ਟਾਈਮ ਲਾਈਨ ਤੇ ਲਿਖੇ ਸ਼ਬਦਾਂ ਨੂੰ ਮੈਂ ਇੱਥੇ ਇਹ ਕਿਤਾਬ ਸ਼ੁਰੂ ਕਰਨ ਤੋਂ ਪਹਿਲਾਂ ਜਗ੍ਹਾ ਦਿੰਦਾ ਹਾਂ। ਮੈਨੂੰ ਲਗਦਾ ਹੈ ਕਿ ਕਿਤਾਬ ਕਿਸੇ ਵੀ ਹੋਰ ਤਰ੍ਹਾਂ ਸ਼ੁਰੂ ਹੋਣ ਨਾਲੋਂ ਚੰਗਾ ਹੈ ਕਿ ਕਵਿਤਾ ਪੜ੍ਹਨ ਵਾਲਿਆਂ ਵੀਰਾਂ ਵਿੱਚੋਂ ਹੀ ਕਿਸੇ ਦੇ ਸ਼ਬਦਾਂ ਨਾਲ ਸ਼ੁਰੂ ਹੋਵੇ, ਜੋ ਸ਼ਬਦਾਂ ਨੂੰ ਸੱਚਾ ਪਿਆਰ ਕਰਦੇ ਹਨ। ਜਿਨ੍ਹਾਂ ਨੂੰ ਕਹਿਣਾ ਨਹੀਂ ਪੈਂਦਾ ਕਿ ਉਹ ਕਿਤਾਬ ਬਾਰੇ ਕੁਝ ਲਿਖਣ। ਇਹੀ ਸੱਚੀ ਅਪਣੱਤ ਹੈ ਜਦੋਂ ਕੋਈ ਆਪਣੇ ਆਪ ਤੁਹਾਡੇ ਲਈ, ਕਵਿਤਾ ਲਈ ਕੁਝ ਕਰਦਾ ਹੈ। ਸੱਚੀ ਗੱਲ ਇਹ ਹੈ ਕਿ ਜੇ ਅੱਜ ਮੇਰੀ ਕਵਿਤਾ ਛਪਦੀ ਹੈ ਤੇ ਪੜ੍ਹੀ ਜਾਂਦੀ ਹੈ ਤਾਂ ਇਹ ਸਭ ਵੀਰ ਤੇਜਿੰਦਰ ਸਿੰਘ ਸਰਾਂ, ਰਣਧੀਰ ਸਿੰਘ ਅਤੇ ਨਵਦੀਪ ਮੁੰਡੀ ਦੀ ਬਦੌਲਤ ਹੈ। ਜੇ ਉਹ ਮੈਨੂੰ ਨਾ ਮਿਲੇ ਹੁੰਦੇ ਤਾਂ ਸ਼ਾਇਦ ਇਹ ਕਵਿਤਾਵਾਂ ਅਖ਼ਬਾਰਾਂ ਦੇ ਨਾਲ ਰੱਦੀ ਦਾ ਹਿੱਸਾ ਬਣਨੀਆਂ ਸਨ। ਇੱਥੇ ਇਨ੍ਹਾਂ ਵੀਰਾਂ ਦੇ ਸ਼ਬਦਾਂ ਨੂੰ ਜਗ੍ਹਾ ਦੇਣਾ ਮੇਰਾ ਇਖ਼ਲਾਕੀ ਫਰਜ਼ ਹੈ। ਇਸ ਦਾ ਕਾਰਨ ਇਹ ਨਹੀਂ ਕਿ ਇਹ ਮੇਰੀ ਉਸਤਤ ਜਾਂ ਗੁਣਗਾਨ ਹੈ। ਕਿਉਂਕਿ ਇਹ ਨਿਰ-ਸਵਾਰਥ ਮੁਹੱਬਤ ਹੈ। ਇਸ ਦਾ ਮਾਣ ਰੱਖਣਾ ਬਣਦਾ ਹੈ। ਮੈਂ ਇਸ ਸੁੱਚੀ ਮੁਹੱਬਤ ਨੂੰ ਸਿਰ ਝੁਕਾਅ ਕੇ ਕਬੂਲ ਕਰਦਾ ਹਾਂ॥

.....

ਸੁਖਵੀਰ ਫੱਕਰ ਕਿਸਮ ਦਾ ਇਨਸਾਨ ਹੈ ਪਤਾ ਨਹੀਂ ਉਹ ਕਿੰਨੇ ਹੋਰ ਸਾਲ ਕੱਢ ਦਿੰਦਾ ਬਿਨਾਂ ਛਪੇ ਹੀ ਜੇਕਰ ਉਸ ਨੂੰ ਪੜ੍ਹਨ ਵਾਲੇ ਕਿਤਾਬ ਛਪਵਾਉਣ ਲਈ ਜ਼ੋਰ ਨਾ ਪਾਉਂਦੇ। ਉਸ ਦੀ ਸ਼ੈਲੀ ਬਹੁਤ ਸਰਲ ਹੈ। ਉਹ ਕਵਿਤਾ ਤੇ ਪਾਬੰਦੀਆਂ ਨਹੀਂ ਲਗਾਉਂਦਾ। ਉਸ ਕੋਲ ਜਿਵੇਂ ਕਵਿਤਾ ਆਉਂਦੀ ਹੈ ਕਾਗਜ਼ ਤੇ ਉਤਾਰ ਦਿੰਦਾ ਹੈ। ਉਸ ਦੀ ਕਵਿਤਾ ਵਿੱਚ ਕਮਾਲ ਦੀ ਕੀਲਣ ਦੀ ਸਮਰੱਥਾ ਹੈ। ਉਸ ਦੀ ਸਾਰੀ ਕਵਿਤਾ ਹੀ ਖੁੱਲ੍ਹੀ ਕਵਿਤਾ ਹੈ, ਕੋਈ ਬੰਦਿਸ਼ ਨਹੀਂ। ਬੰਦਿਸ਼ ਵਿੱਚ ਰਹਿਣ ਵਾਲਾ ਉਹ ਬੰਦਾ ਹੀ ਨਹੀਂ। ਉਸ ਦੀ ਦੇਹ ਉਸ ਦੀ ਆਤਮਾ ਵੇਖੀ ਹੈ ਮੈਂ। ਬਿਲਕੁਲ ਸ਼ਾਂਤ ਸਮੁੰਦਰ ਦੀ ਤਰ੍ਹਾਂ। ਉਹ ਪੂਰੇ ਦਾ ਪੂਰਾ ਚਾਨਣ ਨਾਲ ਭਰਿਆ ਪਿਆ ਹੈ।

ਨਵਦੀਪ ਮੁੰਡੀ, 27 ਮਾਰਚ 2016, ਐਤਵਾਰ (ਦੇਸ਼ ਸੇਵਕ)

Scanned by CamScanner

.....

ਅਗਰ ਤੁਸੀਂ ਸੱਚੀ-ਮੁੱਚੀਂ ਹੀ ਸ਼ੁੱਧ, ਸਹਿਜ, ਸੱਚੀ-ਸੁੱਚੀ ਕਵਿਤਾ ਪੜ੍ਹਨੀ ਚਾਹੁੰਦੇ ਹੋ, ਕਵਿਤਾ ਪੜ੍ਹ ਕੇ ਜੀਅ ਭਰ ਕੇ ਰੋਣਾ (Catharsis) ਚਾਹੁੰਦੇ ਹੋ, ਆਪਣਾ ਸੱਚ ਤੱਕਣਾ ਚਾਹੁੰਦੇ ਹੋ, ਆਪਣੇ ਅੰਦਰਲਾ, ਆਪਣੇ ਹਿੱਸੇ ਦਾ ਮੌਨ ਸੁਣਨਾ ਚਾਹੁੰਦੇ ਹੋ ਤਾਂ ਸੁਖਵੀਰ ਸਿੰਘ ਸੂਹੇ ਅੱਖਰ ਵੀਰ ਜੀ ਦੀ ਇਹ ਕਿਤਾਬ 'ਆਪਣੇ ਹਿੱਸੇ ਦਾ ਮੌਨ' ਜ਼ਰੂਰ ਪੜ੍ਹਨਾ ਅਗਰ ਤੁਸੀਂ ਕਵਿਤਾ ਪੜ੍ਹ ਕੇ ਸਿਰਫ਼ ਵਾਹ ਵਾਹ ਕਰਨੀ ਜਾਣਦੇ ਹੋ ਅਗਰ ਆਪਣੇ ਆਪ ਦੇ ਸਨਮੁੱਖ ਹੁੰਦਿਆਂ ਡਰ ਲਗਦਾ ਹੈ ਤਾਂ ਇਹ ਕਿਤਾਬ ਨਾ ਪੜ੍ਹਨਾ ਇਹ ਤੁਹਾਡੀ ਮੈਂ ਨੂੰ ਤਬਾਹ ਕਰਕੇ ਖਿਲਾਰ ਦਏਗੀ... ਤੁਹਾਡੇ ਅਹੰ ਦੇ ਪਿੰਡੇ 'ਤੇ ਲਾਸ਼ਾਂ ਪਾ ਦਏਗੀ... ਕਿਤਾਬ ਪੜ੍ਹਦਿਆਂ ਅਸ਼ਕਾਂ ਦੀ ਗੰਗਾ ਜਮਨਾ 'ਚ ਸਵੈ ਸੰਕਲਪ ਵੀ ਵਹਿ ਤੁਰਦੇ ਹਨ। ਸੁਖਵੀਰ ਵੀਰ ਤੁਸੀਂ ਕਵਿਤਾ ਨੂੰ ਪੜ੍ਹਨ ਜੋਗੀ ਹੀ ਨਹੀਂ ਕਰਦੇ ਜਿਉਣ ਜੋਗੀ ਵੀ ਕਰਦੇ ਓ...

ਇਹ ਮਨੁੱਖ ਹੋਣ ਤੋਂ ਪਰ੍ਹੇ ਦਾ ਵਰਤਾਰਾ ਹੈ.....

ਬਹੁਤ ਉੱਪਰ.....

ਇਹ ਕਵਿਤਾ ਸੱਚਮੁੱਚ ਹੀ 'ਤਪੱਸਿਆ ਦੀ ਕਵਿਤਾ' ਹੈ।

ਇਹ ਲਿਖੇ ਜਾ ਰਹੇ ਅਲਫ਼ਾਜ਼ ਕੋਈ ਤਾਰੀਫ਼ ਨਹੀਂ ਆਲੋਚਨਾ ਨਹੀਂ.....

ਵਹਾਅ ਐ ਬਸ.....

ਅਸੀਂ ਤਾਂ ਬੌਚਿਆਂ ਜਿੱਡੇ ਵੀ ਨਹੀਂ.....ਆਹ

ਸਾਧ ਸ਼ਬਦ ਦਾ ਅਰਥ। ਹਾਏ ।।

ਧਿਆਨ ਅਤੇ ਮੁਹੱਬਤ। ਉਫ਼ ।।

ਕਿਤਾਬ ਪੜ੍ਹਦਿਆਂ ਲਹੂ ਅੰਦਰ ਸੁਨਾਮੀਆਂ ਉੱਠਦੀਆਂ ਨੇ.....

ਅੱਥਰੂਆਂ ਦੇ ਜਵਾਰਭਾਟੇ.....

.....ਬੁੱਧ ਹੋਣਾ

ਮੌਨ ਹੋਣਾ

ਭਰਿਆ ਹੋਣਾ

ਮੁਹੱਬਤ ਕਰਨੀ ਸਿੱਖਣਾ .....!!!!

ਹਾਏ ।

ਅਸਾਂ ਤੇ ਕੁਝ ਵੀ ਨਾ ਸਿੱਖਿਆ .....

ਧਿਆਨ

ਸਮਾਧੀ

ਸਹਿਜ

ਸਹਿਣਸ਼ੀਲਤਾ।।

ਇਹ ਸਿਰਫ਼ ਕਿਤਾਬ ਨਹੀਂ

ਪੰਜਾਬੀ ਕਵਿਤਾ ਨੂੰ 'ਸੁੱਖ' ਦਾ ਸਾਹ ਦਾਨ ਕੀਤਾ ਐ ਸੁਖਵੀਰ ਨੇ...

ਇਸੇ ਨੂੰ ਕਹਿੰਦੇ ਐ

"ਲਹੂ 'ਚ ਡੁੱਬ ਕੇ ਲਿਖਣਾ ....."

"ਰੂਹ ਤੱਕ ਸ਼ਾਇਰ ਹੋਣਾ...."

ਤੁਹਾਡੇ ਸਭ ਭਰਮ ਭੁਲੇਖੇ ਤਹਿਸ ਨਹਿਸ

ਸਭ ਵਿਸ਼ਵਾਸ਼, ਸੰਕਲਪ ਹਿੱਲ ਜਾਣਗੇ....

ਜਜ਼ਬਾਤਾਂ 'ਚ ਭੁਚਾਲ ਆ ਜਾਏਗਾ....

ਸੁਖਵੀਰ ਆਖਦੈ.....

"ਸਭ ਕਹਿਣ ਲਈ ਨਹੀਂ ਹੁੰਦਾ ....."

.....

..... **ਭੁਪਿੰਦਰ ਚਾਹਲ**

(ਫੇਸਬੁੱਕ ਤੋਂ ਉਹਨਾਂ ਦੀ ਟਾਈਮ ਲਾਈਨ ਤੋਂ ਇੰਨ-ਬਿੰਨ ਉਤਾਰਾ)

ਹੁਣ ਮੈਂ ਪਾਸੇ ਹੁੰਦਾ ਹਾਂ

ਤੁਹਾਡੇ ਤੇ ਕਵਿਤਾ ਦੇ ਵਿਚਾਲਿਓਂ

ਇਹ ਕਵਿਤਾ ਤੁਹਾਡੀ ਹੈ ਜੀ

ਤੁਸੀਂ ਆਪਣੀ ਕਵਿਤਾ ਪੜ੍ਹੋ

-ਸੂਹੇ ਅੱਖਰ

Scanned by CamScanner

ਮੈਂ ਸੁਣਦਾ ਹਾਂ

ਉਸ ਨੂੰ ਲਗਦਾ ਹੋਣਾ
ਮੈਂ ਭੁੱਲ ਬੈਠਾ ਹਾਂ ਉਸ ਨੂੰ
ਉਸ ਨੂੰ ਵੀ ਨਹੀਂ ਪਤਾ
ਮੈਂ ਉਸ ਨੂੰ ਜਗ੍ਹਾ ਦਿੱਤੀ ਹੈ
ਆਪਣੇ ਅੰਦਰ
ਉਹ ਉੱਥੇ ਬੈਠੀ ਹੈ
ਹਰ ਆਦਮੀ ਦੇ ਅੰਦਰ
ਇੱਕ ਔਰਤ ਹੈ
ਉਹ ਕੁਝ ਨਾ ਕੁਝ ਆਖਦੀ ਹੈ
"ਬੰਦੇ ਕਿੱਥੇ ਸੁਣਦੇ ਨੇ"
ਪਰ ਮੈਂ ਸੁਣਦਾ ਹਾਂ
ਜੋ ਵੀ.....

'ਉਹ ਆਖਦੀ ਹੈ'

ਮੈਂ ਇਹੋ ਚਾਹੁੰਦਾ ਹਾਂ

ਉਹ ਆਖਦੀ ਹੈ
ਮਿੱਠੇ..... ਲਾਡੇ..... ਨਾ ਰਾਜੇ...

ਮੇਰੇ ਤੋਂ ਛੋਟੀ ਹੈ
ਪਰ ਆਖਦੀ ਹੈ
ਨਿੱਕੇ ਏਦਾਂ ਨਈਂ.....

ਮੈਂ ਕੁਝ ਨਈਂ ਆਖਦਾ
ਉਸ ਨੂੰ ਚੁੱਪ ਚਾਪ ਸੁਣਦਾ ਹਾਂ
ਮੈਂ ਇਹੋ ਚਾਹੁੰਦਾ ਹਾਂ
ਉਹ ਕੁਝ ਨਾ ਕੁਝ ਆਖਦੀ ਰਹੇ
ਤੇ ਕਵਿਤਾ ਦੀ ਜੜ੍ਹ ਹਰੀ ਰਹੇ

Scanned by CamScanner

ਸਵੀਕਾਰ

ਕਵਿਤਾ ਤੇ ਔਰਤ ਦੀ
ਕੋਈ ਪਰਿਭਾਸ਼ਾ ਨਹੀਂ ਹੁੰਦੀ
ਇਹ ਓਹੀ ਹੁੰਦੀਆਂ ਹਨ
ਜੋ ਤੁਸੀਂ ਮੰਨ ਲੈਂਦੇ ਹੋ
ਇਹ ਆਪਣੇ ਆਪ ਵਿੱਚ
ਕੁਝ ਵੀ ਨਹੀਂ ਹੁੰਦੀਆਂ
ਇਹ ਆਪਣੇ ਆਪ ਵਿੱਚ
ਸਾਰਾ ਕੁਝ ਹੁੰਦੀਆਂ ਹਨ

ਜਸ਼ਨ

ਉਹ ਆਖਦੀ ਹੈ
ਤੈਨੂੰ ਸ਼ਬਦਾਂ ਦਾ ਵਰ ਮਿਲਿਆ ਹੈ
ਕਵਿਤਾ ਦੀ ਦਾਤ
ਸ਼ੁਕਰ ਕਰੀ ਦਾ
ਉਦਾਸ ਨਾ ਹੋਇਆ ਕਰ

ਮੈਨੂੰ ਪਤਾ ਹੈ
ਇਹ ਵੱਖਰਾ ਜਸ਼ਨ ਹੈ
ਬੰਦੇ ਦਾ ਸ਼ਬਦ ਹੋਣਾ

ਮੈਂ ਉਸਦੀ ਗੱਲ ਮੰਨ ਲੈਂਦਾ ਹਾਂ

ਮੈਂ ਸ਼ਬਦ ਹੁੰਦਾ ਹਾਂ

ਬੋਲਾਂ ਤੋਂ ਸੋਹਣੀ ਚੁੱਪ

ਜਿਹੜੀ ਚੁੱਪ
ਬੋਲਾਂ ਤੋਂ ਸੋਹਣੀ ਹੋਵੇ
ਕਵਿਤਾ ਹੁੰਦੀ ਹੈ

ਕਵਿਤਾ
ਮੁਹੱਬਤ
ਤੇ ਪਾਣੀ
ਆਪਣਾ ਰਸਤਾ
ਆਪੇ ਬਣਾ ਲੈਂਦੇ ਹਨ

ਇਹੀ ਹੋਇਆ

ਜੋ ਜੋ ਵੀ ਮੈਂ ਕਿਹਾ
ਸ਼ਬਦ ਹੁੰਦਾ ਗਿਆ

ਜੋ ਜੋ ਵੀ ਤੂੰ
ਅਣਸੁਣਿਆ ਕੀਤਾ
ਕਵਿਤਾ ਬਣਦਾ ਰਿਹਾ

ਇਬਾਦਤ

ਮੁਹੱਬਤ ਕਰਨਾ
ਧੂੜ ਵਰਗੇ ਹੋਣਾ ਹੈ
ਜਲਦੇ ਮੱਚਦੇ ਵੀ ਰਹਿਣਾ
ਤੇ ਖੁਸ਼ਬੂ-ਖੁਸ਼ਬੂ ਵੀ ਹੋਈ ਜਾਣਾ

Scanned by CamScanner

ਬੇਬਸੀ

ਕਵਿਤਾ ਲਿਖੀ ਨਹੀਂ ਜਾ ਸਕਦੀ
ਇਹ ਪ੍ਰਗਟ ਹੁੰਦੀ ਹੈ

ਕਵਿਤਾ ਤੇ ਔਰਤ ਨੂੰ
ਕੋਈ ਕੋਈ ਸਾਂਭਦਾ ਹੈ

ਬਾਕੀ ਗਵਾ ਲੈਂਦੇ ਹਨ

ਮਰਜ਼ੀ

ਉਹ ਆਖਦੀ ਹੈ
ਤੈਨੂੰ ਭੁੱਲਣਾ
ਮੇਰੇ ਵੱਸ ਵਿੱਚ ਨਈਂ
ਹਾਂ ਏਨਾ ਕੁ ਕਰ ਲਈਦਾ

ਆਪਣੇ ਆਪ ਨੂੰ ਭੁੱਲ ਜਾਈਦਾ

ਹਾਜ਼ਰ-ਨਾਜ਼ਰ

ਏਧਰ ਓਧਰ ਨਾ ਜਾਵੀਂ
ਮੇਰੇ ਕੋਲ ਵੀ ਨਾ ਆਵੀਂ
ਆਪਣੇ ਅੰਦਰ ਲੱਭ ਲਵੀਂ
ਮੈਂ ਤੇਰੇ ਅੰਦਰ ਗੁੰਮ ਹਾਂ

ਅਕਲ

ਕੀ ਕੁਝ ਸਿੱਖਣਾ ਪੈਂਦਾ ਹੈ
ਕਿਸੇ ਦੇ ਨਾਲ ਰਹਿਣਾ
ਕਦੇ ਕਿਸੇ ਬਿਨਾ ਰਹਿਣਾ

ਮਜਬੂਰੀ

ਸੱਚੀਂ ਔਖਾ ਤਾਂ ਹੁੰਦਾ
ਚੁੱਪ ਰਹਿਣਾ
ਆਪਣੇ ਹੀ ਪੈਰਾਂ ਥੱਲੇ
ਲਤੜੇ ਜਾਣਾ
ਪਰ ਕੀ ਕਰੀਏ
ਹੋ ਜਾਂਦਾ
ਕਈ ਵਾਰ ਕਰਨਾ ਵੀ ਪੈਂਦਾ

ਮੰਨ ਲੈ

ਮੈਂ ਕਠਪੁਤਲੀ ਨਹੀਂ ਹਾਂ
ਤੂੰ ਮੈਨੂੰ ਦੇਵੀ ਨਾ ਆਖ
ਕਦੇ ਕੋਈ ਜੁੱਤੀ ਸਮਝ ਲੈਂਦਾ ਹੈ
ਤੂੰ ਬਸ ਮੈਨੂੰ ਔਰਤ ਸਵੀਕਾਰ ਕਰ
ਮੈਨੂੰ ਪਿਆਰ ਕਰ

ਉਹ ਆਖਦੀ ਹੈ

ਵਿਧੀ

ਆਪਣਿਆਂ ਨੂੰ ਮਾਰਨ ਦੇ ਲਈ
ਗਲ ਘੁੱਟਣ ਦੀ ਲੋੜ ਨ੍ਹੀਂ ਹੁੰਦੀ
ਬਸ ਦਿਲ 'ਚੋਂ ਕੱਢ ਦਿਓ
ਆਪੇ ਅਗਲਾ ਮਰ ਜਾਂਦਾ ਹੈ

Scanned by CamScanner

ਕੀੜੀਆਂ

ਔਰਤਾਂ ਪਹਿਲਾਂ ਸੋਹਣੀਆਂ ਹੁੰਦੀਆਂ ਹਨ
ਚੰਗੀਆਂ, ਬੁਰੀਆਂ ਬਾਅਦ ਵਿੱਚ
ਇੱਕ ਨਿੱਕੀ ਜਿਹੀ ਗੱਲ
ਕਿਸੇ ਨੂੰ ਬਹੁਤ ਸੋਹਣਾ ਬਣਾ ਦਿੰਦੀ ਹੈ
ਇੱਕ ਕਾਲੇ ਬੁੱਲ੍ਹਾਂ ਵਾਲੀ ਕੁੜੀ ਵੇਖੀ
ਨਿੱਕੀ ਜਿਹੀ ਮੁਸਕਾਨ ਨਾਲ
ਕਿੰਨੀ ਸੋਹਣੀ ਹੋ ਜਾਂਦੀ ਹੈ

ਬਹੁਤ ਕੁਝ ਛੋਟਾ-ਛੋਟਾ, ਨਿੱਕਾ-ਨਿੱਕਾ
ਸਾਡੇ ਤੱਕ ਚੁੱਪ-ਚਾਪ ਤੁਰਿਆ ਆਉਂਦਾ ਹੈ
ਉਸ ਨੂੰ ਬੁਲਾਉਣਾ ਨਹੀਂ ਪੈਂਦਾ

ਉਂਝ ਮਨੁੱਖਾਂ ਨੂੰ ਸਾਰਾ ਕੁਝ ਦੱਸਣ ਜਾਣਾ ਪੈਂਦਾ ਹੈ
ਰਸੋਈ ਵਿੱਚ ਕੁਝ ਡੁੱਲ੍ਹ ਜਾਵੇ
ਕੀੜੀਆਂ ਨੂੰ ਕੋਈ ਦੱਸਣ ਨਹੀਂ ਜਾਂਦਾ
ਆਪਣੇ ਆਪ ਤੁਰ ਆਉਂਦੀਆਂ ਹਨ

ਹੌਲੀ-ਹੌਲੀ ਕੁਝ ਨਾ ਕੁਝ ਇਕੱਠਾ ਹੁੰਦਾ ਰਹਿੰਦਾ ਹੈ
ਇੱਕ ਦਮ ਪਤਾ ਲਗਦਾ ਹੈ
ਕਿ ਇਹ ਕੀ ਹੋ ਗਿਆ

ਕਿਤੇ ਸ਼ਹਿਦ ਵਾਲੀ ਸ਼ੀਸ਼ੀ ਦਾ ਢੱਕਣ ਖੁੱਲ੍ਹਾ ਰਹਿ ਜਾਵੇ
ਸਾਰਾ ਕੀੜੀਆਂ ਨਾਲ਼ ਭਰ ਜਾਂਦਾ ਹੈ
ਇਸ ਤਰ੍ਹਾਂ ਹੀ ਕੁਝ ਲੋਕ
ਚੁੱਪ-ਚਾਪ ਸਾਡੇ ਤੱਕ ਆ ਜਾਂਦੇ ਹਨ
ਉਹਨਾਂ ਦੀਆਂ ਗੱਲਾਂ

ਉਹਨਾਂ ਦਾ ਵਿਹਾਰ, ਸਭ ਕੁਝ
ਹੌਲੀ-ਹੌਲੀ ਸਾਡੇ ਕੋਲ ਇਕੱਠਾ ਹੋਣ ਲਗਦਾ ਹੈ
ਫਿਰ ਸੌਣ ਵੀ ਨਹੀਂ ਦਿੰਦਾ
ਜਿਵੇਂ ਰਾਤ ਨੂੰ ਬਿਸਤਰ 'ਤੇ ਕੀੜੀਆਂ ਚੜ੍ਹ ਆਉਣ

ਕੁਝ ਨਿੱਕੀਆਂ ਨਿੱਕੀਆਂ ਗੱਲਾਂ
ਸਾਨੂੰ ਚਿੰਬੜ ਜਾਂਦੀਆਂ ਹਨ
ਪਤਾ ਉਦੋਂ ਲਗਦਾ ਹੈ
ਜਦੋਂ ਕੱਟਣ, ਵੱਢਣ ਲਗਦੀਆਂ ਹਨ

ਕੁਝ ਲੋਕ ਯਾਦ ਬਣ ਕੇ ਸਾਡੇ ਸਿਰ ਵਿੱਚ
ਕੀੜੀਆਂ ਵਾਂਗ ਤੁਰਨ ਲਗਦੇ ਹਨ
ਕੁਝ ਗੱਲਾਂ, ਵਿਚਾਰ
ਆਪਣਾ ਰਸਤਾ ਬਣਾ ਲੈਂਦੇ ਹਨ
ਬਰੀਕ ਜਿਹਾ
ਸਭ ਕੁਝ ਕੀੜੀਆਂ ਵਾਂਗ ਲਾਈਨ 'ਚ ਤੁਰ ਪੈਂਦਾ ਹੈ
ਇੱਕ ਦੂਜੇ ਦੇ ਮਗਰ
ਸਾਰੇ ਖਿਆਲ, ਸਾਰੇ ਵਿਚਾਰ

ਮਨੁੱਖ ਧਰਤੀ 'ਤੇ ਕੀੜੀਆਂ ਵਰਗੀ ਹੀ ਚੀਜ਼ ਹਨ
ਇੱਕ ਦੂਜੇ ਦੇ ਮਗਰ ਤੁਰੇ ਫਿਰਦੇ ਹਨ
ਕੁਦਰਤ ਦੀ ਨਜ਼ਰ ਵਿੱਚ
ਮਨੁੱਖਾਂ ਦੀ ਹੈਸੀਅਤ ਕੀੜੀਆਂ ਤੋਂ ਵੱਧ ਨਹੀਂ ਹੈ

ਪਰ ਮਨੁੱਖ ਹੁੰਦਿਆਂ ਤੁਹਾਡੇ ਕੋਲ ਬਹੁਤ ਰਸਤੇ ਹਨ
ਅਸੀਂ ਇੱਕ ਦੂਜੇ ਲਈ ਰਸਤੇ ਜਾਂ ਮੰਜ਼ਿਲਾਂ ਵੀ ਹੁੰਦੇ ਹਾਂ
ਬਹੁਤ ਵਾਰ ਔਰਤਾਂ ਵੀ ਤੁਹਾਡੇ ਲਈ
ਰਸਤਾ ਬਣਦੀਆਂ ਹਨ

Scanned by CamScanner

ਜਿਵੇਂ ਧਾਰਮਿਕ ਸਥਲ ਵੱਲ ਜਾਂਦੀ ਹੋਵੇ
ਕੋਈ ਪਗਡੰਡੀ
ਉਹ ਲੈ ਜਾਂਦੀਆਂ ਹਨ
ਤੁਹਾਨੂੰ ਆਪਣੇ ਆਪ ਤੱਕ
ਜਾਂ ਉਹਨਾਂ ਰਾਹੀਂ ਤੁਸੀਂ
ਆਪਣੇ ਆਪ ਤੱਕ ਚਲੇ ਜਾਂਦੇ ਹੋ
ਤੁਹਾਡੀ ਆਪਣੀ ਮਰਜ਼ੀ ਹੈ
ਇਸ ਰਸਤੇ ਦੀ ਆਪਣੀ ਵਿਡੰਬਨਾ ਹੈ
ਅਕਸਰ ਲੋਕ ਕਿਸੇ ਪਾਸੇ ਵੀ ਨਹੀਂ ਜਾਂਦੇ
ਰਸਤੇ 'ਤੇ ਹੀ ਭਟਕ ਜਾਂਦੇ ਹਨ

ਕੀੜੀਆਂ ਆਪਣੇ ਢਿੱਡ ਦਾ ਕੁਝ ਹਿੱਸਾ
ਕਿਸੇ ਹੋਰ ਲਈ ਭਰ ਕੇ ਰੱਖਦੀਆਂ ਹਨ
ਮਨੁੱਖ ਆਪਣਾ ਢਿੱਡ ਭਰਦਿਆਂ ਹੀ ਅਕਸਰ
ਦੂਜੇ ਦੇ ਢਿੱਡ 'ਚ ਲੱਤਾਂ ਮਾਰਨ ਲਗਦੇ ਹਨ

ਛੋਟੇ-ਛੋਟੇ ਬੱਚੇ ਤੇ ਕੀੜੀਆਂ
ਕੁਝ ਸਿੱਖਣਾ ਹੋਵੇ ਤਾਂ ਇਨ੍ਹਾਂ ਤੋਂ ਸਿੱਖਣਾ
ਕੁਝ ਸਮਝਣਾ ਹੋਵੇ ਤਾਂ
ਵੱਡਿਆਂ ਤੋਂ ਸਮਝਣਾ
ਬੱਚਿਆਂ ਕੋਲ ਹੋਣਾ
ਪ੍ਰਮਾਤਮਾ ਕੋਲ ਹੋਣਾ ਹੈ

ਤੁਹਾਨੂੰ ਲੱਗ ਸਕਦਾ ਹੈ
ਇਸ ਸਭ ਦਾ ਕੀੜੀਆਂ ਨਾਲ ਕੀ ਸਬੰਧ ਹੈ ?
ਪਰ ਤੁਸੀਂ ਕੀੜੀਆਂ ਦਾ ਭੌਣ ਵੇਖਣਾ
ਕਾਫ਼ੀ ਕੁਝ ਇਕੱਠਾ ਕਰ ਲੈਂਦੀਆਂ ਹਨ
ਜਿਵੇਂ ਮਨੁੱਖ ਕਰਦਾ ਹੈ

ਜਿਵੇਂ ਮੇਰੀਆਂ ਕਵਿਤਾਵਾਂ ਵਿੱਚ ਟੁਕੜੇ-ਟੁਕੜੇ
ਬਹੁਤ ਕੁਝ ਆ ਜਾਂਦਾ ਹੈ

ਨਿੱਕੀਆਂ-ਨਿੱਕੀਆਂ ਗੱਲਾਂ ਹੀ
ਬਹੁਤ ਵੱਡੀਆਂ ਹੁੰਦੀਆਂ ਹਨ
ਕਿੰਨਿਆਂ ਕੁ ਨੂੰ ਪਤਾ ਹੋਣੀਆਂ ਇਹ ਨਿੱਕੀਆਂ ਗੱਲਾਂ
ਕਿ ਕੁਦਰਤ ਕੋਲ
ਰੋਮਾਂਸ ਪਹਿਲਾ ਨਿਯਮ ਹੈ
ਮਰਿਯਾਦਾ ਪਹਿਲਾ ਅਸੂਲ ਹੈ
ਮਨੁੱਖ ਦੇ ਕੋਲ
ਚਰਿੱਤਰ ਪਹਿਲੀ ਯੋਗਤਾ ਹੈ
ਕਿਸੇ ਦਾ ਵੀ ਬੁਰਾ ਨਾ ਕਰਨਾ ਹੀ
ਬਹੁਤ ਵੱਡੀ ਭਗਤੀ ਹੈ
ਸਬਰ ਰੱਖਣਾ ਹੀ
ਬਹੁਤ ਵੱਡੀ ਤਪੱਸਿਆ ਹੈ
ਹਰ ਕਿਸੇ ਨੂੰ ਆਪਣੇ ਵਰਗਾ ਸਮਝ ਲੈਣਾ
ਪਹਿਲਾ ਪੁੰਨ ਹੈ
ਤੇ ਆਪਣੀ ਦੇਹ ਨੂੰ ਰੋਗੀ ਰੱਖਣਾ
ਪਹਿਲਾ ਪਾਪ ਹੈ

ਪਰ ਪੁੰਨ-ਪਾਪ ਧਰਮ ਦੀ ਚੀਜ਼ ਹੈ
ਤੇ ਧਰਮ ਨੂੰ ਮਨੁੱਖ ਓਨਾ ਕੁ ਹੀ ਜਾਣਦੇ ਹਨ
ਜਿੰਨਾ ਕੁ ਕੀੜੀਆਂ ਬਾਰੇ ਜਾਣਦੇ ਹਨ
ਬਸ ਲੋੜ ਵੇਲੇ ਧਰਮ ਕੋਲ ਚਲੇ ਜਾਂਦੇ ਹਨ
ਜਿਵੇਂ ਲੋਕ
ਕਿਸੇ ਵੀ ਬਿਪਤਾ ਦੇ ਆਉਂਦਿਆਂ
ਕੀੜੀਆਂ ਦੇ ਭੌਣਾਂ 'ਤੇ
ਤਿਲ-ਚੌਲੀ ਪਾਉਣ ਚਲੇ ਜਾਂਦੇ ਨੇ

Scanned by CamScanner

ਮਤਲਬਪ੍ਰਸਤ ਲੋਕ ਹਮੇਸ਼ਾ ਹੀ
ਧਰਮ ਨੂੰ ਸਿਆਸਤ ਦੀ ਪੁੱਠ ਦਿੰਦੇ ਹਨ
ਕੁਝ ਲੋਕਾਂ ਨੂੰ ਸੜਕਾਂ ਤੇ ਉਤਾਰਦੇ ਹਨ
ਅੱਗਾਂ ਲਗਦੀਆਂ ਹਨ
ਜਿਹੜੇ ਲੋਕ ਮਰ ਜਾਂਦੇ ਹਨ
ਉਨ੍ਹਾਂ ਦਾ ਮਤਲਬਪ੍ਰਸਤ ਲੋਕਾਂ ਨੂੰ ਓਨਾ ਕੁ ਹੀ ਦੁੱਖ ਹੁੰਦਾ ਹੈ
ਜਿੰਨਾ ਕੁ ਆਮ ਲੋਕਾਂ ਨੂੰ ਕੀੜੀਆਂ ਦੇ ਮਰਨ ਦਾ

ਧਰਮ ਤੇ ਮੁਹੱਬਤ ਅਦਭੁੱਤ ਸ਼ਕਤੀਆਂ ਹਨ
ਇਨ੍ਹਾਂ ਨੂੰ ਅੰਦਰ ਸਾਂਭ ਲੈਣਾ
ਇਹ ਚਮਤਕਾਰੀ ਕੰਮ ਕਰਨਗੀਆਂ
ਜਦੋਂ-ਜਦੋਂ ਵੀ ਮਨੁੱਖ ਇਨ੍ਹਾਂ ਨੂੰ
ਸਵਾਰਥ ਦੀ ਪੁੱਠ ਦੇ ਕੇ
ਸੜਕਾਂ ਤੇ ਉਤਾਰਦੇ ਹਨ
ਇਹ ਨਾਸ ਕਰਦੀਆਂ ਹਨ

ਮੁਹੱਬਤ ਤਾਂ ਪਾਣੀ ਵਰਗੀ ਹੁੰਦੀ ਹੈ
ਜਿਸ ਭਾਂਡੇ ਪੈ ਜਾਵੇ
ਬਸ ਉਸੇ ਵਰਗੀ

ਜਾਂ ਹਵਾ ਵਰਗੀ
ਜਿਹੜੀ ਖਾਲੀ ਭਾਂਡੇ ਵੀ ਭਰੀ ਰੱਖਦੀ ਹੈ

ਹਾਥੀਆਂ ਲਈ ਰੁਕਾਵਟਾਂ ਹੋ ਸਕਦੀਆਂ ਹਨ
ਕੀੜੀਆਂ ਲਈ ਹਰ ਜਗ੍ਹਾ ਦਰਵਾਜੇ ਉਪਲੱਬਧ ਹਨ
ਭਾਵੇਂ ਤੁਸੀਂ ਦਰਵਾਜੇ ਬੰਦ ਕਰਕੇ ਸੌਂ ਜਾਣਾ

ਅਸੁਰੱਖਿਆ

ਉਹ ਆਖਦੀ ਹੈ
ਮੈਂ ਇੱਕ ਕੁੜੀ ਹਾਂ
ਕਿਤੇ ਵੀ ਸੁਰੱਖਿਅਤ ਨਹੀਂ
ਕੁੱਖ ਵਿੱਚ, ਹਸਪਤਾਲ, ਘਰ ਜਾਂ ਬਾਹਰ
ਕਦੇ ਕੋਈ ਮੁਹੱਬਤ ਕਰਦਾ ਹੈ
ਓਹ ਵੀ ਚੰਦਰਾ ਤੁਰ ਪੈਂਦਾ ਹੈ
ਕਿਸੇ ਦੁਕਾਨ ਵੱਲ
ਮੇਰੇ ਲਈ ਅਬਾਰਸ਼ਨ ਦੀਆਂ ਗੋਲੀਆਂ ਲੱਭਣ
ਮੈਂ ਯੁਗਾਂ ਤੋਂ ਤਲਾਸ਼ ਵਿੱਚ ਹਾਂ
ਸਦੀਆਂ ਤੋਂ ਉਡੀਕ ਵਿੱਚ ਹਾਂ
ਕਦੋਂ ਕੋਈ ਮੈਨੂੰ ਮੁਹੱਬਤ ਕਰੇਗਾ
ਸੱਚੀਂ ਮੁੱਚੀ ਜਿਹੀ
ਤੇ ਮੈਂ ਭੁੱਲ ਜਾਵਾਂਗੀ
ਊਈਂ ਮੁੱਚੀ ਦੀ ਜ਼ਿੰਦਗੀ ਜੀਣਾ

ਤਕਲੀਫ਼

ਤੈਨੂੰ ਪਤਾ ਨਹੀਂ ਹੈ ਹਾਲੇ
ਮੁਹੱਬਤ ਦਾ ਮਤਲਬ
ਮਰ ਕੇ ਵੀ ਕਹਿਣਾ ਪੈਂਦਾ ਹੈ
ਮੈਂ ਜਿਉਂਦਾ ਹਾਂ

ਪ੍ਰਾਪਤੀ

ਬਹੁਤ ਕੀਮਤੀ ਹੁੰਦੇ ਨੇ
ਉਹ ਲੋਕ
ਜਿਨ੍ਹਾਂ ਤੋਂ ਕੁਝ ਸਿੱਖਿਆ ਜਾ ਸਕੇ
ਇਸੇ ਲਈ ਤਾਂ ਤੈਨੂੰ
ਸਾਂਭ ਸਾਂਭ ਰੱਖਦਾ ਹਾਂ
ਤੇਰੇ ਤੋਂ ਪੱਥਰ ਹੋਣਾ ਸਿੱਖਦਾ ਹਾਂ

Scanned by CamScanner

ਅਰਥ

ਆਪਣੇ ਆਪ ਦਾ ਤਾਂ
ਹਰ ਕੋਈ ਹੁੰਦਾ ਹੈ

ਕੋਈ ਅਰਥ ਨਹੀਂ ਹੁੰਦੇ
ਤੂੰ-ਤੂੰ, ਮੈਂ-ਮੈਂ ਦੇ
ਸਿਰਫ਼ ਹੋਣ ਦੇ ਅਰਥ ਹੁੰਦੇ ਹਨ
ਉਹ ਵੀ ਇੱਕ ਦੂਜੇ ਦੇ

ਬੇਪਰਵਾਹੀ

ਧਰਤੀ ਫ਼ਿਕਰ ਨਹੀਂ ਕਰਦੀ
ਉਸ ਵਿੱਚ ਕੀ ਉੱਗਦਾ ਹੈ

ਨੀਂਦ ਨਹੀਂ ਜਾਣਦੀ ਹੁੰਦੀ
ਉਸ ਕੋਲ ਕਿਹੜੇ ਸੁਪਨੇ ਆਉਣਗੇ

ਪਰ ਮੈਨੂੰ ਤਾਂ ਪਤਾ ਹੈ ਨਾ
ਜੇ ਤੂੰ ਹੁੰਦੀ ਤਾਂ ਚੰਗਾ ਸੀ

ਨਕਾਸ਼ੀ

ਤੇਰਾ ਹਰ ਖਿਆਲ
ਮੈਨੂੰ ਤਰਾਸ਼ਦਾ ਰਿਹਾ
ਘੜਦਾ ਰਿਹਾ
ਛਿਲਦਾ ਰਿਹਾ
ਏਨਾ ਸੌਖਾ ਵੀ ਨਹੀਂ ਹੁੰਦਾ
ਆਦਮੀ ਤੋਂ ਬੁੱਤ ਹੋਣਾ

ਗੈਰ-ਹਾਜ਼ਰ

ਮੈਂ ਇੱਥੇ ਇਕੱਲਾ ਹਾਂ
ਵਰ੍ਹਿਆਂ ਤੋਂ ਹੁਣ ਤੱਕ

ਬੜੀ ਮੁਸ਼ਕਿਲ ਨਾਲ
ਮੈਂ ਤੈਨੂੰ ਲੱਭਿਆ ਸੀ

ਤੇ ਤੂੰ ਵੀ ਆਖ ਦਿੱਤਾ
ਮੈਂ ਇੱਥੇ ਨਹੀਂ ਹਾਂ

ਤਰਕ

ਫੁੱਲਾਂ ਦੇ ਅਰਥ ਹਨ
ਮਤਲਬ ਹੈ ਧੁੱਪ ਛਾਂ ਦਾ
ਬਸ ਤੇਰੇ ਮੇਰੇ ਰਹਿਣ ਤੱਕ

ਸੁਹੱਪਣ

ਅਪਣੱਤ ਨਾਲ ਭਰੇ ਦਿਲ
ਬਹੁਤ ਕੁਝ ਰੱਖ ਲੈਂਦੇ ਨੇ ਆਪਣੇ ਕੋਲ
ਸਾਰਾ ਕੁਝ ਨਹੀਂ ਕਹਿੰਦੇ

ਕੁਝ ਗੱਲਾਂ ਦੀ ਖ਼ੂਬਸੂਰਤੀ
ਇਸੇ ਵਿੱਚ ਹੁੰਦੀ ਹੈ
ਕਿ ਉਹ ਕਦੇ ਨਾ ਕਹੀਆਂ ਜਾਣ

Scanned by CamScanner

ਹਿਸਾਬ-ਕਿਤਾਬ

ਬਹੁਤ ਕੁਝ ਸਿੱਖਿਆ
ਆਪਣੇ ਆਪ ਚੋਂ ਤੈਨੂੰ
ਮਨਫ਼ੀ ਕਰਨ ਦਾ
ਇੱਕ ਹੁਨਰ ਨਹੀਂ ਆਇਆ

ਮਤਲਬਪ੍ਰਸਤੀ

ਸੋਹਣੇ ਜਿਹੇ ਦਿਲ 'ਤੇ
ਜੰਗਲ ਲੋੜਾਂ ਦਾ ਬੀਜ ਲਿਆ
ਅਸੀਂ ਜਗ੍ਹਾ ਮੁਹੱਬਤ ਲਈ
ਖਾਲੀ ਨਹੀਂ ਛੱਡੀ

ਜਾਦੂ

ਕਿਤੇ ਵੀ ਜਾਣ ਦੀ ਲੋੜ ਨਹੀਂ
ਸਫ਼ਰ ਦੀ ਜ਼ਰੂਰਤ ਹੀ ਨਹੀਂ ਬਣਦੀ
ਨਾ ਹੀ
ਕੁਝ ਵੇਖਣ ਦੀ ਲਲਕ ਫੜ੍ਹਦੀ ਹੈ

ਤੇਰਾ ਨਾਮ ਲੈਂਦਾ ਹਾਂ
ਤੇ ਬਸ
ਅੱਖਾਂ ਮੂਹਰੇ ਘੁੰਮ ਜਾਂਦੀ ਹੈ
ਪੂਰੀ ਦੀ ਪੂਰੀ ਦੁਨੀਆਂ

ਕੁੜੱਤਣ

ਕੁਝ ਰਿਸ਼ਤਿਆਂ ਦਾ
ਕੋਈ ਬਦਲ ਨਹੀਂ ਹੁੰਦਾ
ਤੇ ਮੁਹੱਬਤ ਬੜੀ ਬੇਰਹਿਮ ਹੁੰਦੀ ਹੈ
ਸਾਡੀ ਹੋ ਕੇ ਵੀ
ਸਾਡਾ ਲਿਹਾਜ਼ ਨਹੀਂ ਕਰਦੀ

ਬੇਖ਼ਬਰੀ

ਬਹੁਤਾ ਨੇੜੇ ਹੋਣਾ ਵੀ
ਕਿਸੇ ਨੂੰ ਗਵਾ ਦੇਣਾ ਹੈ
ਹੱਥ 'ਚ ਫੜੀ ਚੀਜ਼
ਕਈ ਵਾਰ ਅਸੀਂ
ਆਸੇ ਪਾਸੇ ਲੱਭਣ ਲਗਦੇ ਹਾਂ

ਅਪਣੱਤ

ਕਹਿਣਾ ਬੜਾ ਹੀ ਔਖਾ ਹੈ
ਬੜੀ ਮੁਸ਼ਕਿਲ ਨਾਲ ਸਿੱਖਿਆ

ਸੋਚਿਆ ਸੀ ਕਦੇ ਕਹਿ ਸਕਾਂ
ਤੂੰ ਸੁਣ ਸਕੇਂ

ਫਿਰ ਸਮਝ ਆਇਆ
ਸੁਣਨਾ ਤਾਂ ਹੋਰ ਵੀ ਔਖਾ

ਤੈਨੂੰ ਔਖ ਕਿਉਂ ਦੇਵਾਂ

Scanned by CamScanner

ਸਕੂਨ

ਮੈਨੂੰ ਬੇਚੈਨੀ ਦਾ ਨਸ਼ਾ ਹੈ
ਮੈਨੂੰ ਚੰਗਾ ਲਗਦਾ ਹੈ
ਆਸ ਪਾਸ ਦੀਆਂ ਚੀਜ਼ਾਂ 'ਚੋਂ
ਤੈਨੂੰ ਲੱਭਦੇ ਰਹਿਣਾ

ਹੈਰਾਨੀ

ਇੱਕ ਖੇਡ ਹੈ
ਲੁਕਣਮੀਚੀ

ਮੈਂ ਖੇਡਦਾ ਹਾਂ
ਤੈਨੂੰ ਰੋਜ਼ ਲੁਕੋ ਲੈਂਦਾ ਹਾਂ ਅੰਦਰ

ਦੁਨੀਆਂ ਤੋਂ

ਫੇਰ ਲੱਭਦਾ ਹਾਂ

ਅਖੀਰ 'ਤੇ ਆਪਣੇ ਹੱਥੋਂ
ਆਪ ਹੀ ਫੜ੍ਹਿਆ ਜਾਂਦਾ ਹਾਂ

ਯੋਗਤਾ

ਮੈਨੂੰ ਕਿਹਾ ਜਾਂਦਾ ਹੈ
ਮੈਂ ਤੈਨੂੰ ਭੁੱਲ ਜਾਵਾਂ

ਪਰ ਆਦਤ ਹੈ
ਕਿਸੇ ਵੀ ਗੱਲ ਦੀ ਪੈ ਜਾਂਦੀ ਹੈ

ਬਾਕੀ ਮਨੁੱਖ ਦਾ ਸਰੀਰ ਹੈ
ਜ਼ਹਿਰ 'ਤੇ ਵੀ ਲੱਗ ਜਾਂਦਾ ਹੈ

ਹਾਫ਼ ਅਨੈਸਥੀਸੀਆ

ਮੈਨੂੰ ਤਾਂ ਬਸ
ਕੁਝ ਕੁਝ ਯਾਦ ਰਹਿੰਦਾ ਹੈ
ਤੇਰਾ ਹੋਣਾ
ਤੇ ਆਪਣਾ ਨਾ ਹੋਣਾ

ਬੰਦਿਸ਼

ਖੁਦ ਨੂੰ ਰੋਕ ਲਈਦਾ ਕਈ ਵਾਰ
ਤੇਰੇ ਵੱਲ ਆਉਂਦਿਆਂ
ਕਈ ਸਫ਼ਰ ਏਸ ਤਰ੍ਹਾਂ
ਅੱਧ ਵਿਚਾਲੇ ਵੀ ਮੁੱਕਦੇ ਹਨ

ਇਕਾਂਤ

ਮੈਂ ਚੁੱਪ ਦਾ ਆਸ਼ਕ ਹਾਂ
ਚੁੱਪ ਦੇ ਕੋਲ ਹੁੰਦਿਆਂ
ਮੈਂ ਤੇਰੇ ਕੋਲ ਹੁੰਦਾ ਹਾਂ

Scanned by CamScanner

ਅਲਟਰਨੇਟਿਵ ਸਟ੍ਰੋਕ

ਰਿਸ਼ਤਿਆਂ ਦੇ ਬਣਦਿਆਂ
ਸਬੰਧ ਬਣਾਉਂਦਿਆਂ
ਇੱਕ ਦੂਜੇ ਤੱਕ ਜਾਂਦਿਆਂ
ਤੁਸੀਂ ਆਪਣੇ ਆਪ ਵਰਗੇ ਨਹੀਂ ਰਹਿ ਸਕਦੇ
ਬਦਲਾਓ ਕੁਦਰਤ ਦਾ ਨਿਯਮ ਹੈ
ਹਰ ਘੜੀ ਸਭ ਕੁਝ ਬਦਲ ਰਿਹਾ ਹੈ
ਤੁਹਾਨੂੰ ਵੀ ਕੁਝ ਨਾ ਕੁਝ ਤਾਂ
ਬਦਲਣਾ ਪਵੇਗਾ ਇੱਕ ਦੂਜੇ ਲਈ

ਆਪਣੇ ਲਈ

ਜੇ ਤੁਸੀਂ ਨਹੀਂ ਬਦਲੋਗੇ
ਤਾਂ ਬਦਲ ਦਿੱਤੇ ਜਾਓਗੇ

ਤੁਹਾਡੀ ਥਾਂ ਕਿਸੇ ਹੋਰ ਨੂੰ
ਦੇ ਦਿੱਤੀ ਜਾਵੇਗੀ

ਸਾਰੀਆਂ ਚੀਜ਼ਾਂ ਦਾ ਬਦਲ ਨਹੀਂ ਹੁੰਦਾ
ਪਰ ਬਹੁਤ ਕੁਝ ਬਦਲਿਆ ਜਾ ਸਕਦਾ ਹੈ

ਕਈ ਵਾਰ ਲਗਦਾ ਹੈ
ਬਦਲ ਤਾਂ ਹਰ ਚੀਜ਼ ਦਾ ਹੈ
ਮਾਂ ਸੁੱਤੇ ਪਏ ਬੱਚੇ ਦੀ ਬਾਂਹ ਥੱਲੇ
ਸਰ੍ਹਾਣਾ ਦੇ ਦਿੰਦੀ ਹੈ
ਤੇ ਕੰਮ ਵਿੱਚ ਰੁੱਝ ਜਾਂਦੀ ਹੈ

ਜੱਫੀਆਂ ਦਾ ਵੀ ਬਦਲ ਹੁੰਦਾ ਹੈ
ਆਪਣੇ ਗੋਡਿਆਂ ਨੂੰ ਘੁੱਟ ਲੈਣਾ
ਆਪਣੀਆਂ ਹੀ ਬਾਹਾਂ ਦੇ ਨਾਲ
ਆਪਣੀ ਹਿੱਕ ਨਾਲ ਲਗਾ ਲੈਣਾ
ਰੋ ਪੈਣਾ ਜਾਂ ਮੁਸਕਰਾ ਦੇਣਾ

ਤੁਹਾਨੂੰ ਸ਼ਾਇਦ ਨਹੀਂ ਪਤਾ ਹੋਣਾ
ਕੀ ਹੁੰਦਾ ਅਲਟਰਨੇਟਿਵ ਸਟ੍ਰੋਕ
ਸੰਕੇਤ ਲਿੱਪੀ ਲਿਖਦਿਆਂ
ਕੁਝ ਰੇਖਾਵਾਂ ਲਿਖੀਆਂ ਜਾਂਦੀਆਂ ਹਨ
ਬਦਲ ਰੇਖਾਵਾਂ
ਇਹ ਇੱਕ ਦੂਜੇ ਦੀ ਜਗ੍ਹਾ ਲੈ ਲੈਂਦੀਆਂ ਹਨ
ਇੱਕ ਦੂਜੇ ਦੀ ਥਾਵੇਂ ਵਰਤੀਆਂ ਜਾ ਸਕਦੀਆਂ ਨੇ
ਜਿਵੇਂ ਅਸੀਂ ਕੁਝ ਲੋਕਾਂ ਦਾ ਬਦਲ ਤਲਾਸ਼ ਲੈਂਦੇ ਹਾਂ

Scanned by CamScanner

ਜਾਂ ਕੁਝ ਲੋਕ ਸਾਡੇ ਕੋਲ
ਹੋਰਾਂ ਦੀ ਜਗ੍ਹਾ ਲੈ ਲੈਂਦੇ ਨੇ
ਸੰਭਵ ਹੈ ਸਾਨੂੰ ਬਦਲ ਮਿਲਦਾ ਰਹੇ ਹਰ ਕਿਸੇ ਦਾ
ਮਹਿਬੂਬ ਤੇ ਮਾਂ ਦਾ ਕੋਈ ਬਦਲ ਨਹੀਂ ਹੁੰਦਾ
ਤੇ ਅਸੀਂ ਜਿਹੋ ਜਿਹੇ ਵੀ ਹਾਂ
ਸਾਡਾ ਆਪਣੇ ਆਪ ਦਾ ਵੀ ਕੋਈ ਬਦਲ ਨਹੀਂ ਹੁੰਦਾ

ਮਨੁੱਖ ਹਰ ਚੀਜ਼ ਦਾ ਬਦਲ ਤਲਾਸ਼ ਲੈਂਦਾ ਹੈ
ਮੈਨੂੰ ਤਾਂ ਇਹੋ ਲਗਦਾ ਹੈ
ਵਿਆਹ ਮੁਹੱਬਤ ਦਾ ਬਦਲ ਹੈ

ਕੁਦਰਤ ਤੇ ਮੁਹੱਬਤ
ਬਹੁਤ ਭੇਸ ਬਦਲ ਬਦਲ ਕੇ ਚਲਦੀਆਂ ਹਨ
ਬਹੁਰੂਪੀਆਂ ਵਾਂਗ
ਅਸੀਂ ਦਰੱਖਤਾਂ ਨੂੰ ਵੱਢ ਕੇ
ਕਾਗਜ਼ ਬਣਾ ਲੈਂਦੇ ਹਾਂ
ਸਫ਼ਿਆਂ ਨੂੰ ਕੈਦ ਕਰ ਦਿੰਦੇ ਹਾਂ
ਜਿਲਦਾਂ ਅੰਦਰ
ਤੇ ਕੁਦਰਤ ਅੱਖਰ ਬਣਦੀ ਹੈ
ਸ਼ਬਦ ਬਣਦੀ ਹੈ
ਕਵਿਤਾਵਾਂ ਬਣ ਕੇ
ਜਿਲਦਾਂ ਅੰਦਰ ਬੰਦ ਸਫ਼ਿਆਂ ਤੇ ਉੱਗ ਆਉਂਦੀ ਹੈ
ਮੁਹੱਬਤ ਵਾਂਗ

ਕੁਦਰਤ ਬੀਜ ਬਣ ਕੇ ਸਿਮਟ ਜਾਂਦੀ ਹੈ
ਬਿਰਖ਼ ਬਣ ਕੇ ਫੈਲ ਜਾਂਦੀ ਹੈ

ਕਵੀ ਸਿਰਫ਼ ਆਸ਼ਕ ਹੀ ਨਹੀਂ ਹੁੰਦੇ
ਉਹ ਪੂਰਾ ਬ੍ਰਹਿਮੰਡ ਹੁੰਦੇ ਹਨ
ਪਰ ਉਹ ਦੁਨੀਆਂ ਦੇ ਵੱਸ ਦੇ ਨਹੀਂ ਹੁੰਦੇ
ਕਵੀਆਂ ਤੇ ਕਮਲਿਆਂ ਨੂੰ

ਕੁਦਰਤ ਸਾਂਭਦੀ ਹੈ
ਜਾਂ ਮਾਵਾਂ ਸਾਂਭਦੀਆਂ ਹਨ

ਕਾਮ ਤਾਂ ਭੋਰਾ ਕੁ ਹੁੰਦਾ ਹੈ
ਸਿਮਟ ਜਾਂਦਾ ਹੈ ਦੋ ਦੇਹਾਂ ਵਿਚਕਾਰ
ਅਪਣੱਤ ਧਰਤੀ ਤੋਂ ਅਸਮਾਨ ਤੱਕ
ਸਾਰਾ ਕੁਝ ਹੁੰਦੀ ਹੈ

ਫੁੱਲਾਂ ਦੀ ਤਰਤੀਬ
ਬਾਗਾਂ-ਬਗੀਚਿਆਂ ਵਿੱਚ ਹੁੰਦੀ ਹੈ
ਗਮਲਿਆਂ ਵਿੱਚ ਤੁਹਾਡੇ ਘਰਾਂ ਅੰਦਰ

ਜੰਗਲ ਦੀ ਕੋਈ ਤਰਤੀਬ ਨਹੀਂ ਹੁੰਦੀ
ਓਥੇ ਕੁਝ ਵੀ ਤੁਹਾਡੀ ਮਰਜ਼ੀ ਨਾਲ ਨਹੀਂ ਉੱਗਦਾ

ਮੈਂ ਸ਼ਬਦਾਂ ਦਾ ਜੰਗਲ ਹਾਂ

ਕੁਝ ਕੁ ਹੀ ਬੂਟੇ ਹੁੰਦੇ ਨੇ
ਜਿਹੜੇ ਛਾਂ ਵਿੱਚ ਉੱਗਦੇ ਨੇ
ਕੁਝ ਕੁ ਫੁੱਲ
ਜਿਹੜੇ ਛਾਂ ਵਿੱਚ ਖਿੜਦੇ ਹਨ

ਮੁਹੱਬਤ ਖਾਬਾਂ-ਖਿਆਲਾਂ ਦੀ
ਛਾਂ ਵਿੱਚ ਉੱਗਦੀ ਹੈ

ਇਕੱਲਤਾ ਵਿੱਚ ਜਵਾਨ ਹੁੰਦੀ ਹੈ

ਮੈਂ ਜਾਣਦਾ ਹਾਂ ਇਸ ਦੀ ਚਰਮਸੀਮਾ
ਇਸ ਦਾ ਆਰਗੈਜ਼ਮ

ਧਰਮ ਦੀ ਛਾਂ ਹੇਠ
ਇਹ ਪ੍ਰਮਾਤਮਾ ਵਿੱਚ ਬਦਲਦੀ ਹੈ

Scanned by CamScanner

ਮਨੁੱਖ ਆਪਣੇ ਦੁੱਖ ਨੂੰ
ਸੁੱਖ ਵਿੱਚ ਬਦਲਣਾ ਚਾਹੁੰਦਾ ਹੈ
ਬਹੁਤੇ ਵਾਰ ਜਾਂਦਾ ਹੈ ਧਰਮ ਦੀ ਸ਼ਰਨ ਵਿੱਚ
ਅੱਕ ਸਤ ਜਾਂਦਾ ਹੈ
ਇਕੋ ਚੀਜ਼ ਨੂੰ ਦੁਹਰਾਉਂਦਿਆ

ਆਦਮੀ ਤੇ ਔਰਤਾਂ
ਸੁਖ ਲਈ ਇੱਕ ਦੂਜੇ ਦੀ ਦੇਹ ਲੱਭਦੇ ਹਨ
ਪਰ ਹਾਲੇ ਮਨੁੱਖ ਮੁਹੱਬਤ ਦੇ ਬਰਾਬਰ ਦਾ ਨਹੀਂ ਹੋਇਆ
ਕਿ ਉਸ ਦਾ ਮੱਥ ਚੁੰਮ ਸਕੇ
ਧਰਮ ਦੇ ਤਾਂ ਹਾਲੇ ਪੈਰ ਜਿੱਡਾ ਵੀ ਨਹੀਂ

ਦੁਨੀਆਂ ਦੇ ਸੈਂਕੜੇ ਧਰਮ
ਮਨੁੱਖਾਂ ਨੂੰ ਸਿਆਣਾ ਨਹੀਂ ਕਰ ਸਕੇ
ਤੁਹਾਨੂੰ ਹੀ ਕੁਝ ਕਰਨਾ ਪਵੇਗਾ
ਆਪਣੇ ਆਪ ਨੂੰ ਬਦਲਣਾ ਪਵੇਗਾ

ਦੁਨੀਆਂ ਵਿੱਚ ਹਰ ਚੀਜ਼ ਰਸਤਾ ਬਦਲਦੀ ਹੈ
ਜਿਹੜੇ ਸੁਫ਼ਨੇ ਪੂਰੇ ਨਹੀਂ ਹੁੰਦੇ
ਉਹ ਜ਼ਿੰਦਗੀ ਦਾ ਹਿੱਸਾ ਨਹੀਂ ਬਣ ਸਕਦੇ
ਉਹ ਹੋਰ ਰਸਤੇ ਸਾਡੇ ਤੱਕ ਪਹੁੰਚਦੇ ਹਨ
ਸਾਡੀ ਨੀਂਦ ਦਾ ਹਿੱਸਾ ਬਣ ਜਾਂਦੇ ਹਨ

ਅਸੀਂ ਗੱਲਾਂ ਕਰਦਿਆਂ
ਪਤਾ ਨਹੀਂ ਲਗਦਾ ਕਦੋਂ
ਕਦੇ ਉਂਗਲ ਨਾਲ
ਕਦੇ ਪੈਨ, ਪੈਨਸਲ ਨਾਲ
ਕਾਟੇ-ਵਾਟੇ ਮਾਰਨ ਲਗਦੇ ਹਾਂ

ਇਹ ਸਾਡੇ ਮਨ 'ਚ ਚੱਲਣ ਵਾਲਾ ਕੁਝ ਹੈ

ਜਿਸ ਦੇ ਲਈ
ਸਾਡੇ ਕੋਲ ਸ਼ਬਦ ਨਹੀਂ ਹੁੰਦੇ

ਉੱਥੇ ਇਸੇ ਤਰ੍ਹਾਂ ਦਾ ਕੁਝ ਨਾ ਕੁਝ
ਚਲਦਾ, ਬਣਦਾ, ਢਹਿੰਦਾ ਰਹਿੰਦਾ ਹੈ

ਮਨੁੱਖ ਹਰ ਘੜੀ ਬਦਲਦਾ ਹੈ
ਧਰਮ, ਮਰਿਯਾਦਾ, ਸੰਸਕਾਰ
ਇਹ ਬਹੁਤ ਵੱਡੀਆਂ ਚੀਜ਼ਾਂ ਹਨ
ਪਰ ਮਨੁੱਖ ਨੂੰ ਇਨ੍ਹਾਂ ਤੱਕ ਜਾਣਾ ਪੈਂਦਾ ਹੈ
ਕਿਉਂਕਿ ਮਨੁੱਖ ਨੂੰ ਲਗਦਾ ਹੈ
ਇਨ੍ਹਾਂ ਦੀ ਲੋੜ ਹੈ
ਮੁਹੱਬਤ ਮਨੁੱਖ ਕੋਲ ਆਪਣੇ ਆਪ ਆਉਂਦੀ ਹੈ
ਮਨੁੱਖ ਨੂੰ ਉਸ ਦੀਆਂ ਅਨੇਕ ਪਰਤਾਂ ਦੇ ਅੰਦਰ
ਬਹੁਤ ਅੰਦਰ ਤੱਕ ਬਦਲਦੀ ਹੈ

ਤੁਸੀਂ ਸੁਣਿਆ ਹੋਣੈ ਇਹ ਸ਼ਬਦ
ਅਰਧ-ਨਾਰੀਸ਼ਵਰ
ਕੋਈ ਮਨੁੱਖ ਜਿਹੜਾ ਅੱਧਾ ਆਦਮੀ ਹੋਵੇ
ਅੱਧੀ ਔਰਤ

ਹਰ ਮਨੁੱਖ ਇਸੇ ਤਰ੍ਹਾਂ ਦਾ ਹੁੰਦਾ
ਹਰ ਆਦਮੀ ਦੇ ਅੰਦਰ
ਇੱਕ ਔਰਤ ਬੈਠੀ ਹੈ
ਹਰ ਔਰਤ ਦੇ ਅੰਦਰ
ਇੱਕ ਆਦਮੀ
ਮਨੁੱਖ ਦੋਹਾਂ ਦੇ ਸੁਮੇਲ ਦੀ ਉਪਜ ਹੈ
ਜਿਨ੍ਹਾਂ ਮਨੁੱਖਾਂ ਅੰਦਰ
ਉਹਨਾ ਦੀ ਮਾਂ ਜਾਗ ਜਾਂਦੀ ਹੈ
ਉਹ ਕਵੀ ਹੋਣ ਲਗਦੇ ਹਨ
ਜਿਨ੍ਹਾਂ ਮਨੁੱਖਾਂ ਅੰਦਰ

Scanned by CamScanner

ਉਹਨਾਂ ਦਾ ਬਾਪ ਜਾਗ ਜਾਂਦਾ ਹੈ
ਉਹ ਵੀਰ ਹੋਣ ਲਗਦੇ ਹਨ
ਜਿਨ੍ਹਾਂ ਦੇ ਅੰਦਰ ਦੋਵੇਂ ਜਾਗ ਜਾਵਣ
ਉਹ ਫ਼ਕੀਰ ਹੋਣ ਲਗਦੇ ਹਨ

ਮੁਹੱਬਤ ਮੂਲੋਂ ਬਦਲ ਦਿੰਦੀ ਹੈ
ਆਦਮੀ ਔਰਤਾਂ ਵਰਗੇ ਹੋਣ ਲਗਦੇ ਹਨ
ਗੱਲ ਗੱਲ 'ਤੇ ਰੋਣ ਲਗਦੇ ਹਨ
ਔਰਤਾਂ ਹੌਂਸਲੇ ਨਾਲ ਭਰ ਜਾਂਦੀਆਂ ਹਨ
ਆਦਮੀਆਂ ਵਰਗੀਆਂ ਹੋਣ ਲਗਦੀਆਂ ਹਨ

ਮਨ ਦੀ ਭੁੱਖ ਨਹੀਂ ਲੈ ਸਕਦੀ
ਤਨ ਦੀ ਭੁੱਖ ਦੀ ਥਾਂ
ਤੁਹਾਨੂੰ ਬਾਹਰ ਲੋੜ ਮਹਿਸੂਸ ਹੁੰਦੀ ਹੈ
ਚੁੱਪ ਦੀ
ਅੰਦਰ ਵੀ ਸ਼ਾਂਤੀ ਚਾਹੀਦੀ ਹੈ
ਬਾਹਰ ਲੋੜ ਪੈਂਦੀ ਹੈ
ਸੁਆਦ ਦੀ
ਅੰਦਰ ਆਨੰਦ ਦੀ ਜ਼ਰੂਰਤ ਹੈ
ਹੁੰਮਸ ਅੰਦਰ ਵੀ ਹੁੰਦੀ ਹੈ
ਭੁਚਾਲ ਅੰਦਰ ਵੀ ਆਉਂਦੇ ਹਨ
ਪਰ ਤੁਸੀਂ ਅੰਦਰਲੀਆਂ ਚੀਜ਼ਾਂ, ਲੋੜਾਂ ਨਾਲ
ਬਾਹਰਲੀਆਂ ਨਾਲ ਨਹੀਂ ਬਦਲ ਸਕਦੇ
ਇਹ ਇੱਕ ਦੂਜੇ ਦੀ ਥਾਂ ਨਹੀਂ ਲੈ ਸਕਦੀਆਂ
ਇੱਕ ਦੂਜੇ ਦੀ ਲੋੜ
ਪੂਰੀ ਨਹੀਂ ਕਰ ਸਕਦੀਆਂ
ਬਾਹਰ ਯੋਜਨਾਵਾਂ ਕਾਗਜ਼ਾਂ 'ਤੇ ਬਣਦੀਆਂ ਹਨ
ਅੰਦਰ ਮਨ ਦੇ ਧਰਾਤਲ 'ਤੇ
ਸੁਪਨੇ ਉੱਗਣ ਲਗਦੇ ਹਨ
ਬਾਹਰ ਪਾਣੀ ਵਗਦਾ ਹੈ
ਅੰਦਰ ਖ਼ੂਨ ਤੁਰਦਾ ਹੈ

ਦਰੱਖਤਾਂ ਦੇ ਵਿੱਚੋਂ ਦੀ ਲੰਘਦੀ ਹੈ ਹਵਾ
ਤੁਹਾਡੇ ਵਿੱਚੋਂ ਦੀ ਐਨ ਵਿਚਾਲੇ ਸਾਹ ਵਗਦਾ ਹੈ

ਤੇ ਹੁਣ ਧਿਆਨ ਨਾਲ ਸੁਣਨਾ
ਸ਼ਬਦ ਬੋਲਦੇ ਹਨ
ਚੀਜ਼ਾਂ ਵੀ ਚੁੱਪ ਹੁੰਦੀਆਂ ਹਨ

ਜਦੋਂ ਤੁਸੀਂ ਜੰਮੇ ਸੀ
ਦਾਈ ਮਾਂ ਨੇ ਗਰਭ- ਨਾਲ (ਨਾੜੂਆ) ਕੱਟਦੇ ਸਮੇਂ
ਨਹੀਂ ਸੋਚਿਆ ਹੋਵੇਗਾ
ਕਿਸੇ ਇਨਕਲਾਬ ਬਾਰੇ

ਤੁਹਾਡੀ ਮਾਂ ਨੇ ਜਦੋਂ
ਤੁਹਾਡੇ ਮੂੰਹ 'ਚ ਦੁੱਧ ਦਿੱਤਾ ਸੀ
ਉਸ ਨੇ ਕੋਈ ਸ਼ਰਤ ਨਹੀਂ ਰੱਖੀ ਹੋਵੇਗੀ
ਕਿ ਤੁਸੀਂ ਇਨਕਲਾਬ ਜ਼ਰੂਰ ਲੈ ਕੇ ਆਉਣਾ ਹੈ

ਇਨਕਲਾਬ ਤੇ ਕ੍ਰਾਂਤੀਆਂ
ਬਹੁਤ ਜਿਆਦਾ ਜ਼ਰੂਰੀ ਚੀਜ਼ਾਂ ਹਨ
ਪਰ ਇਨ੍ਹਾਂ ਜ਼ਰੂਰੀ ਚੀਜ਼ਾਂ ਦੀ ਲੋੜ
ਇਸ ਪੂਰੀ ਸ੍ਰਿਸ਼ਟੀ ਵਿੱਚ ਕੇਵਲ ਮਨੁੱਖ ਨੂੰ ਪੈਂਦੀ ਹੈ
ਇਹੀ ਮਨੁੱਖ ਦੇ ਨਿੱਘਰ ਜਾਣ ਦਾ
ਸਭ ਤੋਂ ਵੱਡਾ ਸਬੂਤ ਹੈ
ਜੇ ਹਰ ਮਨੁੱਖ ਆਪਣਾ ਕੰਮ ਸਹੀ ਕਰਦਾ ਹੋਵੇ
ਇਨਾਂ ਚੀਜ਼ਾਂ ਦੀ ਲੋੜ ਹੀ ਨਹੀਂ ਹੈ

ਹਰ ਯੁਗ ਨੂੰ ਚਾਹੀਦੀ ਹੈ ਇੱਕ ਕ੍ਰਾਂਤੀ
ਹਰ ਸਦੀ ਨੂੰ ਲੋੜ ਪੈਂਦੀ ਹੈ
ਇਨਕਲਾਬ ਦੀ
ਪਰ ਤੁਹਾਨੂੰ ਦੱਸਣਾ ਪੈਂਦਾ ਹੈ
ਇਸ ਦੀ ਬਾਹਰ ਹੀ ਲੋੜ ਨਹੀਂ ਹੈ

Scanned by CamScanner

ਅੰਦਰ ਵੀ ਲੋੜ ਹੈ
ਮੁਹੱਬਤ ਅੰਦਰ ਦਾ ਇਨਕਲਾਬ ਹੈ
ਤਿਆਗ ਅੰਦਰ ਦੀ ਕ੍ਰਾਂਤੀ ਹੈ
ਅੰਦਰ ਦੇ ਇਨਕਲਾਬ ਹੀ
ਅੰਦਰ ਦੀਆਂ ਕ੍ਰਾਂਤੀਆਂ ਹੀ
ਤੁਹਾਨੂੰ ਮਨੁੱਖ ਬਣਾਉਂਦੀਆਂ ਹਨ
ਉਹ ਤੁਹਾਨੂੰ ਅਪਣੱਤ ਨਾਲ ਭਰਦੀਆਂ ਹਨ
ਤੁਹਾਨੂੰ ਪਤਾ?
ਇਨਕਲਾਬ ਤੇ ਕ੍ਰਾਂਤੀਆਂ
ਤੁਹਾਡੇ ਲਈ ਸਹੂਲਤਾਂ ਪੈਦਾ ਕਰਦੇ ਹਨ
ਤੁਹਾਡਾ ਜਿਉਣਾ ਸੌਖਾ ਕਰਦੇ ਹਨ
ਇੱਥੇ ਬਹੁਤ ਲੋਕ ਹਨ
ਜਿੰਨਾਂ ਕੋਲ ਸਾਰੀਆਂ ਸੁਵਿਧਾਵਾਂ ਸਾਰੇ ਸੁੱਖ ਮੌਜੂਦ ਹਨ
ਪਰ ਉਹ ਔਖੇ ਹਨ
ਉਹ ਜਿਉਣਾ ਨਹੀਂ ਚਾਹੁੰਦੇ
ਆਤਮ ਹੱਤਿਆ ਕਰ ਰਹੇ ਹਨ ਲੋਕ
ਸਭ ਕੁਝ ਹੁੰਦਿਆਂ-ਸੁੰਦਿਆਂ
ਉੱਥੇ ਬਾਹਰ ਪੈਦਾ ਕੀਤੀਆਂ ਸਾਰੀਆਂ ਚੀਜ਼ਾਂ
ਖਾਕ ਹੋਣ ਲਗਦੀਆਂ ਹਨ
ਅਰਥ ਗਵਾ ਦਿੰਦੀਆਂ ਹਨ
ਸ਼ਾਇਦ ਤੁਹਾਨੂੰ ਸਮਝ ਆਵੇ
ਉੱਥੇ ਇਹ ਕ੍ਰਾਂਤੀਆਂ ਕੰਮ ਨਹੀਂ ਆਉਂਦੀਆਂ
ਇਨਕਲਾਬ ਬੁਸੀ ਹੋਈ ਚੀਜ਼ ਲਗਦੇ ਹਨ
ਤੁਸੀਂ ਸ਼ਾਇਦ ਇਸ ਗੱਲ ਨੂੰ ਸਮਝ ਸਕੋਂ
ਬਹੁਤ ਵਾਰ ਇਨਕਲਾਬ ਦੀ ਗੱਲ ਕਰਨ ਵਾਲੇ ਲੋਕ
ਮੁਹੱਬਤ ਨੂੰ ਆਯਾਸ਼ੀ ਸਵੀਕਾਰ ਕਰ ਲੈਂਦੇ ਹਨ
ਪਰ ਇਸ ਤਰ੍ਹਾਂ ਨਹੀਂ ਹੁੰਦਾ
ਹਰ ਚੀਜ਼ ਦੀ ਆਪਣੀ ਥਾਂ ਹੈ
ਤੇ ਬਹੁਤ ਕੁਝ ਪ੍ਰਾਪਤ ਕਰਨ ਵਾਲੇ ਲੋਕ
ਬਹੁਤੀ ਵਾਰ
ਥੋੜ੍ਹੀ ਜਿਹੀ ਮੁਹੱਬਤ ਨੂੰ ਤਰਸਦੇ ਮਰ ਜਾਂਦੇ ਹਨ

ਇਸ ਲਈ ਤੁਸੀਂ ਕਿਸੇ ਵੀ ਚੀਜ਼ ਨੂੰ ਕਿਸੇ ਨਾਲ
ਨਹੀਂ ਬਦਲ ਸਕਦੇ
ਤੁਹਾਨੂੰ ਹਰ ਚੀਜ਼ ਦੀ ਲੋੜ ਹੈ
ਅੰਦਰ-ਬਾਹਰ

ਲੜਾਈ ਲੱਗੀ ਦੇ ਸਮੇਂ
ਵਰ੍ਹਦੀਆਂ ਹੋਈਆਂ ਗੋਲੀਆਂ
ਡਿੱਗਦੇ ਹੋਏ ਬੰਬਾਂ ਦੇ ਥੱਲੇ
ਕੋਈ ਫੌਜੀ ਆਪਣੀ ਪਤਨੀ, ਆਪਣੀ ਮਾਂ
ਜਾਂ ਆਪਣੀ ਮਹਿਬੂਬ ਦੀ ਫੋਟੋ
ਪਰਸ ਚੋਂ ਕੱਢ ਕੇ ਵੇਖਦਾ ਹੈ

ਤੁਹਾਨੂੰ ਬਾਹਰ ਬਹੁਤ ਜ਼ਰੂਰੀ ਲਗਦੀਆਂ ਚੀਜ਼ਾਂ
ਇਹਨਾਂ ਚੀਜ਼ਾਂ ਦੀ ਲੋੜ
ਤੁਸੀਂ ਆਪ ਪੈਦਾ ਕੀਤੀ ਹੈ
ਇਹ ਤੁਹਾਡੀਆਂ ਬੇ-ਧਿਆਨੀਆਂ
ਤੁਹਾਡੀਆਂ ਗੈਰ ਜ਼ੁੰਮੇਵਾਰੀਆਂ ਦੀ ਉਪਜ ਹੈ
ਇਹ ਮਨੁੱਖ ਦੇ ਮਨੁੱਖ ਨਾ ਰਹਿਣ ਦੀ ਵਜ੍ਹਾ ਦੇ ਕਾਰਨ ਹੈ

ਤੁਸੀਂ ਇਨਕਲਾਬ ਦਾ ਫ਼ਿਕਰ ਕਰਦੇ ਹੋ
ਕ੍ਰਾਂਤੀ ਦਾ ਫ਼ਿਕਰ ਕਰਦੇ ਹੋ
ਪਰ ਮੈਂ ਸਿਆਣਾ ਨਹੀਂ ਹਾਂ
ਮੈਂ ਤੁਹਾਡੇ ਮਨੁੱਖ ਹੋਣ ਦਾ ਫ਼ਿਕਰ ਕਰਦਾ ਹਾਂ
ਇੱਥੇ ਮਨੁੱਖ ਮਨੁੱਖ ਦਾ ਵੈਰੀ ਹੈ
ਮਨੁੱਖ ਮਨੁੱਖਾਂ ਨੂੰ ਮਾਰਦੇ ਹਨ
ਪਰ ਇਹ ਸਭ ਇਸ ਤੋਂ ਵੀ ਖ਼ਤਰਨਾਕ ਹਾਲਤ ਵੱਲ
ਤੁਰਿਆ ਜਾ ਰਿਹਾ ਹੈ
ਮਨੁੱਖ ਆਪਣੇ ਆਪ ਨੂੰ ਮਾਰਨਾ ਚਾਹੁੰਦੇ ਹਨ
ਉਹ ਜਿਉਣਾ ਨਹੀਂ ਚਾਹੁੰਦੇ
ਇਸ 'ਚ ਇਨਕਲਾਬ ਤੇ ਕ੍ਰਾਂਤੀ ਕੀ ਕਰੇਗੀ

Scanned by CamScanner

ਮੈਂ ਕਵਿਤਾਵਾਂ ਪੜ੍ਹਦਾ ਹਾਂ
ਕਿ ਹਾਲੇ ਸਮਾਂ ਨਹੀਂ ਹੈ ਮੁਹੱਬਤ ਕਰਨ ਦਾ
ਅਸੀਂ ਇਨਕਲਾਬ ਲੈ ਕੇ ਆਉਣਾ ਹੈ
ਜੇ ਤੁਹਾਨੂੰ ਅਪਣੱਤ ਨਾਲ ਕੋਈ ਉਡੀਕਦਾ ਨਾ ਮਿਲਿਆ
ਕਿਸ ਨੂੰ ਦਿਓਗੇ ਇਨਕਲਾਬ
ਕਿਸ ਦੀ ਹਥੇਲੀ ਤੇ ਧਰੋਗੇ ਕ੍ਰਾਂਤੀ
ਮੈਂ ਨਹੀਂ ਕਹਿੰਦਾ ਇਹ ਛੋਟੀ ਚੀਜ਼ ਹੈ
ਇਨਕਲਾਬ ਤੇ ਕ੍ਰਾਂਤੀ
ਪਰ ਤੁਹਾਨੂੰ ਹਰ ਚੀਜ਼ ਦੀ ਲੋੜ ਹੈ
ਇੱਥੇ ਵੱਡਾ ਛੋਟਾ ਕੁਝ ਨਹੀਂ ਹੁੰਦਾ
ਜਿਸ ਚੀਜ਼ ਦੀ ਪਹਿਲਾਂ ਲੋੜ ਹੋਵੇ
ਉਹ ਵੱਡੀ ਹੋ ਜਾਂਦੀ ਹੈ
ਤੇ ਮਨੁੱਖ ਨੂੰ ਮੁਹੱਬਤ ਦੀ ਲੋੜ ਪਹਿਲਾਂ ਪੈਂਦੀ ਹੈ
ਮੁਹੱਬਤ ਨੂੰ ਸੁਰੱਖਿਅਤ ਕਰਨ ਲਈ
ਇਨਕਲਾਬ ਤੇ ਕ੍ਰਾਂਤੀ ਦੀ ਲੋੜ ਹੈ
ਤੇ ਇਨਕਲਾਬ ਤੇ ਕ੍ਰਾਂਤੀ ਨੂੰ ਮਾਨਣ ਲਈ
ਲੋੜ ਹੈ ਕਿ ਹਰ ਮਨੁੱਖ ਮੁਹੱਬਤ ਨਾਲ ਭਰਿਆ ਹੋਵੇ
ਕੁਝ ਵੀ ਕੁਝ ਨਾਲ ਬਦਲਿਆ ਨਹੀਂ ਜਾ ਸਕਦਾ

ਤੇ ਤੁਸੀਂ ਕਿੰਨੇ ਵੀ ਬਦਲ ਜਾਣਾ
ਬਦਲ ਰੇਖਾਵਾਂ ਵਾਂਗ ਕਿਸੇ ਦੀ ਜ਼ਿੰਦਗੀ ਵਿੱਚ
ਕਿਸੇ ਦੀ ਥਾਂ ਲੈ ਲੈਣਾ
ਇਨਕਲਾਬ ਲੈਣ ਜਾਣਾ ਜਾਂ ਮੁਹੱਬਤ ਕਰਨਾ
ਪਰ ਮਨੁੱਖ ਬਣੇ ਰਹਿਣਾ
ਇਸ ਤੋਂ ਨਾ ਬਦਲਣਾ
ਮੈਂ ਤੁਹਾਡੇ ਮਨੁੱਖ ਹੋਣ ਦਾ ਫ਼ਿਕਰ ਕਰਦਾ ਹਾਂ
ਤੁਸੀਂ ਚਾਹੇ ਕ੍ਰਾਂਤੀ ਦਾ ਫ਼ਿਕਰ ਕਰੋ ਜਾਂ ਇਨਕਲਾਬ ਦਾ
ਮੈਂ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਾਲੀ
ਮੁਹੱਬਤ ਦਾ ਫ਼ਿਕਰ ਕਰਦਾ ਹਾਂ
ਮੈਂ ਤੁਹਾਡੇ ਮਨੁੱਖ ਹੋਣ ਦਾ ਫ਼ਿਕਰ ਕਰਦਾ ਹਾਂ

ਗੁਣ-ਧਰਮ

ਹੁਣ ਜਦੋਂ, ਮੈਂ ਤੇਰੇ ਕੋਲ ਆਇਆ ਸੀ
ਤੇਰੇ ਅੰਦਰ, ਮੈਨੂੰ ਤੂੰ ਨਹੀਂ ਮਿਲੀ

ਓਥੇ ਸਭ ਵੀਰਾਨ ਜਿਹਾ ਸੀ
ਰੁੱਖਾ-ਰੁੱਖਾ, ਖਾਲੀ-ਖਾਲੀ

ਮੈਂ ਭਰੇ ਮਨ ਨਾਲ ਮੁੜ ਆਇਆ

ਫੇਰ ਹੀ ਮੈਨੂੰ ਸਮਝ ਆਈ
ਕੁਝ ਖਾਲੀ ਚੀਜ਼ਾਂ ਵੀ ਸਾਨੂੰ
ਕਿੰਨੀ ਬੁਰੀ ਤਰ੍ਹਾਂ ਭਰਦੀਆਂ ਹਨ

ਅਸਲ

ਹਵਸ ਕਵਿਤਾ ਨਹੀਂ ਲਿਖ ਸਕਦੀ
ਨਾ ਅਯਾਸ਼ੀ ਲਿਖ ਸਕਦੀ ਹੈ
ਕਵਿਤਾ ਸ਼ਰਮ 'ਚੋਂ ਆਉਂਦੀ ਹੈ
ਧਰਮ 'ਚੋਂ ਉਪਜਦੀ ਹੈ
ਕਵਿਤਾ ਕਿਸੇ ਦੇ ਨਿੱਜ ਦੇ
ਸਨਮਾਨ ਨੂੰ ਸਲਾਮਤ ਰੱਖਣ ਦੀ ਕੋਸ਼ਿਸ਼ ਹੈ
ਇਹ ਕੁਦਰਤ ਦੀ ਉਸਤਤ ਹੈ
ਬ੍ਰਹਿਮੰਡ ਦੀ ਪੂਜਾ ਹੈ
ਤੇ ਮੁਹੱਬਤ ਕਰਨ ਦਾ ਮਤਲਬ
ਚਰਿੱਤਰਹੀਣ ਹੋਣਾ ਨਹੀਂ ਹੁੰਦਾ

Scanned by CamScanner

ਅਫ਼ਸੋਸ

ਲੱਭਣ ਵਾਲੇ ਮੈਨੂੰ
ਬੰਦ ਅੱਖਾਂ ਨਾਲ ਲੱਭ ਲੈਂਦੇ ਨੇ
ਤੇ ਤੂੰ ਮੈਨੂੰ
ਆਪਣੀਆਂ ਅੱਖਾਂ ਦੇ ਸਾਹਮਣੇ
ਖੁੱਲ੍ਹੀਆਂ ਅੱਖਾਂ ਨਾਲ ਗਵਾ ਲਿਆ

ਬਹਾਨੇ

ਉਹ ਆਖਦੀ ਹੈ
ਮੈਂ ਫੇਰ ਆ ਗਈ ਹਾਂ
ਮੈਂ ਤਾਂ ਫੇਰ ਮੁਹੱਬਤ ਦੀ ਗੱਲ ਕਰਾਂਗੀ
ਤੇ ਮੈਨੂੰ ਬਿਲਕੁਲ ਪਤਾ ਹੈ
ਤੂੰ ਅੱਜ ਫੇਰ ਮੈਨੂੰ
ਚੰਨ ਤਾਰਿਆਂ ਦੀਆਂ ਗੱਲਾਂ ਕਰਕੇ
ਟਾਲ ਦੇਣਾ ਹੈ

ਲੰਘਿਆ ਸਮਾਂ

ਸਾਡੇ ਕੋਲ ਵੀ ਸੀ
ਇੱਕ ਅੱਗ ਵਰਗੀ ਉਮਰ
ਤੇ ਉਦੋਂ ਹੀ ਤਾਂ
ਸਭ ਕੁਝ ਜਲ ਗਿਆ ਸੀ

ਤੇਰੇ-ਮੇਰੇ ਵਰਗੇ

ਮੇਰੇ ਕੋਲ ਕਿਤਾਬਾਂ ਨੇ
ਮੇਰੇ ਕੋਲ ਰਬਾਬਾਂ ਨੇ
ਗੱਲਾਂ ਬੇ-ਹਿਸਾਬਾਂ ਨੇ
ਬਹੁਤੀਆਂ ਹੀ ਸ਼ਰਾਬਾਂ ਨੇ
ਪਰ ਤੇਰੇ ਵਰਗੀਆਂ ਨਈਂ

ਮੇਰੇ ਕੋਲ ਨੇ ਰਾਜ ਬੜੇ
ਮੇਰੇ ਕੋਲ ਹਮਰਾਜ ਬੜੇ
ਸਿਰ ਮੇਰੇ ਲਈ ਤਾਜ ਬੜੇ
ਸੁਰ, ਰਾਗ ਤੇ ਸਾਜ ਬੜੇ
ਪਰ ਤੇਰੇ ਵਰਗੇ ਨਈਂ

ਤੇਰੇ ਕੋਲ ਨੇ ਲੋਕ ਬੜੇ
ਹਵਨ, ਮੰਤਰ, ਸਲੋਕ ਬੜੇ
ਧਰਤ, ਅਕਾਸ਼, ਪਰਲੋਕ ਬੜੇ
ਪਰ ਮੇਰੇ ਵਰਗੇ ਨਈਂ

ਘਟਨਾ

ਮੈਂ ਤੈਨੂੰ
ਸੁਫ਼ਨੇ ਵਾਂਗ ਵੇਖਿਆ ਸੀ
ਤੇ ਨੀਂਦ ਵਾਂਗ ਟੁੱਟ ਗਿਆ

Scanned by CamScanner

ਯਕੀਨ

ਮੈਂ ਤੈਨੂੰ ਵੇਖਿਆ
ਇਸੇ ਲਈ
ਤਾਜ ਮਹਿਲ ਵੇਖਣ ਨਹੀਂ ਗਿਆ
ਉਹ ਵੀ ਮੁਹੱਬਤ ਨਾਲ ਸਬੰਧਤ ਚੀਜ਼ ਹੈ
ਜ਼ਰੂਰ ਪੱਥਰ ਦਾ ਹੋਵੇਗਾ

ਲੋੜ ਦਾ ਵਿਗਿਆਨ

ਕਾਫ਼ੀ ਕੁਝ ਮੌਜੂਦ ਹੈ ਮੇਰੇ ਕੋਲ
ਭੋਗ-ਵਿਲਾਸ ਲਈ
ਮਰਜ਼ੀ ਹੋਵੇ ਤਾਂ ਜਾ ਸਕਦਾ ਹਾਂ
ਧਿਆਨ ਤੱਕ
ਜੀ ਕਰੇ ਤਾਂ ਉਪਲਬਧ ਹਨ
ਅਸ਼ਲੀਲ ਫਿਲਮਾਂ

ਪਰ ਰੂਹ ਤੱਕ ਕਿੱਥੇ ਜਾਂਦਾ ਸਭ
ਆਪਣੇ ਆਪ
ਆਤਮਾ ਨੂੰ ਨਹੀਂ ਛੂੰਹਦਾ
ਤਾਂ ਹੀ ਤੇਰੀ ਲੋੜ ਪੈਂਦੀ ਹੈ
ਜਾਂ ਸ਼ਬਦਾਂ ਤੱਕ ਚਲਿਆ ਜਾਂਦਾ ਹਾਂ

ਸੱਚੋ -ਸੱਚ

ਤੂੰ ਆਖ ਬਸ ਦੇਵੀਂ
ਮੈਂ ਰੱਬ ਖਰੀਦ ਲੈ ਆਵਾਂ
ਇੱਥੇ ਪੂਜਾ ਵਿਕਦੀ ਹੈ
ਇੱਥੇ ਪ੍ਰਸ਼ਾਦ ਵਿਕਦਾ ਹੈ

ਇੱਥੇ ਵਹੁਟੀਆਂ ਵਿਕ ਜਾਵਣ
ਚੁੰਮਣ-ਚੱਟਣ ਵਿਕ ਜਾਂਦੇ
ਇੱਥੇ ਬਿਸਤਰ ਵਿਕਦੇ ਨੇ
ਇੱਥੇ ਸਹਿਵਾਸ ਵਿਕਦਾ ਹੈ

ਕਰਜਾ ਬੈਂਕਾਂ ਦੇ ਅੰਦਰੋਂ
ਜ਼ਹਿਰ ਬਣ ਕੇ ਮਿਲਦਾ ਹੈ
ਇਹ ਵੱਖਰੀ ਗੱਲ ਹੈ
ਇੱਥੇ ਸਲਫ਼ਾਸ ਵਿਕਦਾ ਹੈ

ਤੇਰੇ ਵਰਗਾ

ਮੈਨੂੰ ਇਹ ਸਭ ਚੁੱਪ-ਚਾਪ ਮਿਲਿਆ

ਧਰਤ, ਧਵਲ, ਅਕਾਸ਼
ਸਭ ਚੁੱਪ-ਚਾਪ
ਕਿਸੇ ਸੁੰਨ ਵਿੱਚ ਡੁੱਬਿਆ ਹੋਇਆ

ਸਾਰੇ ਧਾਰਮਿਕ ਸਥਾਨਾਂ 'ਤੇ
ਪ੍ਰਮਾਤਮਾ ਚੁੱਪ-ਚਾਪ
ਇਨਸਾਨਾਂ ਨੂੰ ਵੇਖਦਾ ਸੁਣਦਾ ਹੈ

ਕੋਈ ਹੁੰਗਾਰਾ ਹੀ ਨਹੀਂ

ਸਭ ਤੇਰੇ ਵਰਗਾ ਹੈ

Scanned by CamScanner

ਸੀ.ਯੂ. ਲੇਟਰ

ਵੇਖ.....
ਮਿਲਣਾ, ਗਿਲਣਾ ਬਹੁਤ ਤਰ੍ਹਾਂ ਦਾ ਹੁੰਦਾ ਹੈ
ਮਨ ਬੜੀ ਅਜੀਬ ਚੀਜ਼ ਹੈ
ਕੁਝ ਵੀ ਬਣਾ ਲੈਂਦਾ ਹੈ
ਕੁਝ ਵੀ ਕਲਪ ਸਕਦਾ ਹੈ
ਕੁਝ ਵੀ ਸਮਝ ਲੈਂਦਾ ਹੈ
ਕੁਝ ਵੀ ਛੱਡ ਦਿੰਦਾ ਹੈ
ਕਿਸੇ ਨੂੰ ਵੀ ਰੱਬ ਮੰਨ ਬਹਿੰਦਾ ਹੈ
ਖੁਦ ਨੂੰ ਮਿੱਟੀ ਸਵੀਕਾਰ ਕਰ ਲੈਂਦਾ ਹੈ
ਤੇ ਤੂੰ
ਕੀ ਫ਼ਿਕਰ ਕਰਨਾ ਮਿਲਣੇ ਗਿਲਣੇ ਦਾ
ਜਦੋਂ ਮਰਜ਼ੀ ਅੱਖਾਂ ਬੰਦ ਕਰ ਲਵੀਂ
ਤੇ ਆਪਣੇ ਪਿੰਡੇ 'ਤੇ
ਮਹਿਸੂਸ ਕਰ ਲਵੀਂ ਮੇਰੇ ਹੱਥ
ਮੇਰੀ ਗੱਲ ਹੋਰ ਹੈ
ਅਜਿਹੇ ਰਿਸ਼ਤਿਆਂ ਬਾਰੇ ਸੋਚਦੇ ਲਗਦਾ ਹੈ
ਚੱਲ ਛੱਡ ਕੀ ਮਿੱਟੀ ਦੀ ਖੇਡ ਖੇਡਣੀ
ਜਿਹੜੀ ਪਾਣੀ 'ਤੇ ਆ ਕੇ ਮੁੱਕ ਜਾਂਦੀ ਹੈ
ਵੈਸੇ ਵੀ ਮੈਂ ਹੁਣ ਮਿਲਣਯੋਗ ਆਦਮੀ ਨਹੀਂ ਰਿਹਾ

ਮੈਂ ਅੱਜ ਵੀ ਉਸੇ ਤਰ੍ਹਾਂ ਦਾ ਹਾਂ
ਆਪਣੀ ਮੁਹੱਬਤ ਨੂੰ
ਕਿਸੇ ਦੀ ਮੁਸ਼ਕਿਲ ਨਹੀਂ ਬਣਾਉਂਦਾ

ਪੂਰੇ ਪੰਦਰਾਂ ਸਾਲ ਮੈਂ
ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ ਹੈ
ਫਿਰ ਜਾਣਿਆ ਜ਼ਿੰਦਗੀ ਕੀ ਹੈ
ਤੇ ਹੁਣ ਤੱਕ ਦੀ ਪੂਰੀ ਉਮਰ

ਕਿਸੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ
ਵੇਖਣ ਨੂੰ ਤਰਸਿਆ ਹਾਂ
ਫਿਰ ਕਵਿਤਾ ਸਮਝ ਆਉਣ ਲੱਗੀ

ਮੁਹੱਬਤ ਕਦੇ ਕਦੇ ਜ਼ਹਿਰ ਵੀ ਹੁੰਦੀ ਹੈ
ਜਦੋਂ ਵੀ ਕੋਈ ਇਸ ਦੀ
ਵੱਡੀ ਘੁੱਟ ਭਰਦਾ ਹੈ
ਮਰ ਜਾਂਦਾ ਹੈ

ਇਸ ਦੁਨੀਆ ਵਿੱਚ ਕੋਈ ਜੀਵ ਹੋਣਾ
ਆਪਣੇ ਆਪ ਵਿੱਚ ਸਹੂਲਤ ਜਾਂ ਖਤਰਾ ਹੁੰਦਾ ਹੈ
ਆਦਮੀ ਹੋਣ ਦੀਆਂ ਆਪਣੀਆਂ ਮੁਸ਼ਕਿਲਾਂ ਹਨ
ਔਰਤ ਹੋਣ ਦੇ ਆਪਣੇ ਖ਼ਤਰੇ ਹਨ
ਜਦੋਂ ਵੀ ਕੋਈ ਔਰਤ ਮੁਹੱਬਤ ਬਾਰੇ ਸੋਚਦੀ ਹੈ
ਆਪਣੇ ਲਈ
ਇੱਕ ਹੋਰ ਖ਼ਤਰਾ ਸਹੇੜ ਲੈਂਦੀ ਹੈ

ਸਾਡੇ ਸਮਾਜ ਵਿੱਚ
ਇੱਜਤ ਨਾਂ ਦੀ ਇੱਕ ਚੀਜ਼ ਮੌਜੂਦ ਹੈ
ਇਸ ਤੋਂ ਬਿਨਾ ਰਹਿਣਾ
ਕੱਪੜਿਆਂ ਦੇ ਬਿਨਾ ਰਹਿਣ ਵਰਗਾ ਹੈ
ਇਸ ਤੋਂ ਬਿਨਾ ਇਸ ਤਰ੍ਹਾਂ ਹੁੰਦਾ ਹੈ
ਜਿਵੇਂ ਅਲਫ਼ ਨੰਗੇ ਹੋ ਕੇ ਬਜ਼ਾਰ 'ਚੋਂ ਲੰਘਣਾ
ਜਿਹੜਾ ਕਿ ਸਿਰਫ਼ ਪਾਗਲਾਂ ਲਈ ਸੌਖਾ ਹੈ
ਸਮਝਦਾਰ ਆਦਮੀ ਜਦੋਂ ਸ਼ਰੇਆਮ ਨੰਗੇ ਹੁੰਦੇ ਹਨ
ਮਾਰ ਦਿੱਤੇ ਜਾਂਦੇ ਹਨ

ਤੂੰ ਕਵਿਤਾ ਬਣ ਜਾਵੀਂ, ਮੈਂ ਪੜ੍ਹਦਾ ਰਹਾਂਗਾ
ਕੋਈ ਕਹਾਣੀ ਹੋਣ ਵਿੱਚ ਵੀ ਸਮੱਸਿਆ ਨਹੀਂ ਹੈ
ਲੋਕ ਪੜ੍ਹਦੇ ਰਹਿਣਗੇ

Scanned by CamScanner

ਪਰ ਮੈਂ ਕਦੇ ਵੀ ਨਹੀਂ ਚਾਹੁੰਦਾ
ਤੂੰ ਕੋਈ ਤਮਾਸ਼ਾ ਬਣੇਂ
ਤੇਰੇ 'ਤੇ ਹੱਸਦੇ ਲੋਕ
ਮੈਨੂੰ ਕਦੇ ਵੀ ਚੰਗੇ ਨਹੀਂ ਲੱਗਣਗੇ

ਤੈਨੂੰ ਸਾਰਾ ਕੁਝ ਨਹੀਂ ਪਤਾ
ਪਤਾ ਭਾਵੇਂ ਮੈਨੂੰ ਵੀ ਨਹੀਂ
ਮੁਹੱਬਤ ਜਦੋਂ ਬੇਗਾਨੀ ਜ਼ੁਬਾਨ 'ਤੇ ਚੜ੍ਹਦੀ ਹੈ
ਜਦੋਂ ਲੋਕ ਇਸ ਨੂੰ ਟੇਬਲਾਂ 'ਤੇ ਡਿਸਕਸ ਕਰਦੇ ਹਨ
ਇਸ ਬਾਰੇ ਸਾਰੇ ਸਵਾਲ ਜਵਾਬ
ਸਿਰਫ਼ ਅਸ਼ਲੀਲ ਹੁੰਦੇ ਹਨ

ਸਾਡੇ ਅੰਦਰ ਜੋ ਵੀ ਚਲਦਾ ਹੈ
ਉਹ ਸਿਰਫ਼ ਸਾਨੂੰ ਦਿਸਦਾ ਹੈ
ਉਹ ਹੋਰ ਦੁਨੀਆਂ ਹੈ
ਇਸ ਦੁਨੀਆਂ ਵਿੱਚ ਰਹਿੰਦਿਆਂ
ਅਸੀਂ ਸਿਰਫ਼ ਇੱਕੋ ਕਸ਼ਮਕਸ਼ ਵਿੱਚ ਜਿਉਂਦੇ ਹਾਂ
ਸਾਰੀ ਉਮਰ, ਦੋ ਦੁਨੀਆ ਦੇ ਵਿਚਕਾਰ
ਦੋਵਾਂ ਨੂੰ ਇੱਕ ਕਰਨ ਦਾ ਯਤਨ ਕਰਦੇ
ਦੋਵਾਂ 'ਚ ਤਾਲਮੇਲ ਬਿਠਾਉਂਦੇ
ਤੇ ਹਰ ਵਾਰ ਬਾਹਰੀ ਦੁਨੀਆਂ ਜਿੱਤ ਜਾਂਦੀ ਹੈ
ਤੇ ਅਸੀਂ ਤਾਂ ਅੰਦਰ ਹਾਂ, ਤੂੰ ਤੇ ਮੈਂ
ਤੇ ਆਪਾਂ ਦੋਵੇਂ ਹਾਰ ਜਾਂਦੇ ਹਾਂ

ਮਨੁੱਖ ਨੂੰ ਹਾਰ ਸਵੀਕਾਰ ਕਰਨੀ ਔਖੀ ਲਗਦੀ ਹੈ
ਨੀਵੇਂ ਹੋਣਾ ਔਖਾ ਹੈ
ਬਹੁਤੇ ਲੋਕਾਂ ਨੂੰ ਮਾਂ ਬਾਪ ਚੰਗੇ ਨਹੀਂ ਲਗਦੇ
ਉਹ ਅਕਸਰ ਸੱਚ ਵਿਖਾਉਂਦੇ ਹਨ
ਬੱਚੇ ਅਕਸਰ ਕਲਪਨਾ ਵੇਖਦੇ ਹਨ
ਮੈਨੂੰ ਵੀ ਬੜਾ ਮਾਣ ਸੀ ਆਪਣੇ ਆਪ 'ਤੇ

ਮਨੁੱਖ ਦੀਆਂ ਸੰਭਾਵਨਾਵਾਂ 'ਤੇ
ਮੈਂ ਕਿਹਾ ਸੀ ਕਦੇ ਕਿਸੇ ਨੂੰ
ਤੂੰ ਭਾਵੇਂ ਸੂਰਜ ਬਣ ਜਾਵੀਂ
ਪਰ ਮਨੁੱਖ ਦੀਆਂ ਆਪਣੀਆਂ ਯੋਗਤਾਵਾਂ ਹਨ
ਮਨੁੱਖ ਦੀਆਂ ਦੋ ਛੋਟੀਆਂ-ਛੋਟੀਆਂ ਅੱਖਾਂ
ਦੁਨੀਆਂ ਦੇ ਹਰ ਸੂਰਜ ਤੋਂ ਵੱਡੀਆਂ ਹਨ
ਬਸ ਅੱਖਾਂ ਦੇ ਬੰਦ ਹੁੰਦਿਆਂ ਹੀ
ਸਾਰੇ ਸੂਰਜ ਮਰ ਜਾਂਦੇ ਹਨ
ਸਾਰੇ ਚਾਨਣ ਗੁੰਮ ਜਾਂਦੇ ਹਨ
ਤੇ ਮੈਂ ਸੋਚਦਾ ਸਾਂ, ਇੱਕ ਦਿਨ ਅੱਖਾਂ ਬੰਦ ਕਰ ਲਵਾਂਗਾ
ਤੇ ਜੇ ਤੂੰ ਸੂਰਜ ਹੈਂ
ਫਿਰ ਕੋਈ ਮਤਲਬ ਨਹੀਂ ਰਹੇਗਾ
ਤੇਰੇ ਹੋਣ ਨਾ ਹੋਣ ਦਾ

ਹੁਣ ਮੇਰੀਆਂ ਕਲਪਨਾਵਾਂ ਦੇ ਬਰਾਬਰ ਦੀ ਕੋਈ ਚੀਜ਼ ਹੈ
ਇਹ ਉਹ ਸੱਚ ਹੈ, ਜੋ ਅਸੀਂ ਜਿਉਂਦੇ ਹਾਂ
ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ
ਇਸ ਨੂੰ ਜਾਣਦਿਆਂ ਮੈਂ ਇਹੋ ਆਖ ਸਕਦਾ ਹਾਂ
ਕਿ ਮੈਂ ਹਮੇਸ਼ਾ ਹੀ ਚਾਹਿਆ ਹੈ
ਮੈਨੂੰ ਬਹੁਤ ਖ਼ੂਬਸੂਰਤ ਤੇ ਚੰਗੇ ਲੋਕ ਮਿਲਣ
ਜਿਨ੍ਹਾਂ ਨੂੰ ਮੈਂ ਰੱਜ ਕੇ ਮੁਹੱਬਤ ਕਰ ਸਕਾਂ
ਪਰ, ਮੈਨੂੰ ਮੁਹੱਬਤ ਨਾ ਕਰਨਾ
ਇਹ ਬਹੁਤ ਤਕਲੀਫ਼ ਦਿੰਦੀ ਹੈ
ਤੇ ਮੈਂ ਹਾਂ
ਮੈਂ ਕਿਸੇ ਨੂੰ ਤਕਲੀਫ਼ ਵਿੱਚ ਨਹੀਂ ਵੇਖ ਸਕਦਾ

ਲੋਕ ਆਖਦੇ ਹਨ
ਬੰਦਿਸ਼ ਬਿਨਾ ਕਵਿਤਾ ਨਹੀਂ ਹੁੰਦੀ
ਮੇਰੇ ਕੋਲ ਆਪਣੀਆਂ ਬੰਦਿਸ਼ਾਂ ਹਨ
ਸਾਡਾ ਸਾਰਾ ਤਾਣਾ-ਬਾਣਾ ਹੀ ਬੰਦਿਸ਼ਾਂ ਦਾ ਹੈ

Scanned by CamScanner

ਮੈਂ ਪੂਰੇ ਤੇਈ ਸਾਲ ਆਪਣੀ ਜ਼ੁਬਾਨ ਬੰਦ ਰੱਖੀ
ਪੂਰੇ ਪੰਦਰਾਂ ਸਾਲ ਕੁਝ ਨਹੀਂ ਲਿਖਿਆ
ਪੂਰੇ ਇੱਕੀ ਸਾਲ ਕਿਸੇ ਦਾ ਨਾਮ ਨਹੀਂ ਲਿਆ
ਤੇ ਉਸ ਦੀ ਕੋਈ ਤਸਵੀਰ ਨਹੀਂ ਵੇਖੀ
ਇਸ ਤੋਂ ਵੱਡੀ ਬੰਦਿਸ਼ ਹੋਰ ਕਿਹੜੀ ਹੈ

ਮੈਂ ਵੀ ਇਸੇ ਤਰ੍ਹਾਂ ਦਾ ਸੀ
ਕਿਸੇ ਕੰਜਕ ਦੇ ਹਾਸੇ ਵਰਗਾ
ਜਿਸ 'ਤੇ ਸੌ ਬੰਦਿਸ਼ਾਂ ਹੁੰਦੀਆਂ ਨੇ
ਪਰ ਇਹ ਗੱਲ ਵੱਖਰੀ ਹੈ
ਮੈਂ ਬੰਦਿਸ਼ਾਂ ਦੇ ਸੰਗਲਾਂ ਦੇ ਸ਼ੋਰ ਨੂੰ
ਆਪਣੇ ਚਾਵਾਂ ਦਾ ਗੀਤ ਬਣਾ ਲਿਆ ਹੈ

ਮਨੁੱਖ ਦੇ ਅੰਦਰ ਸਭ ਕੁਝ ਹੁੰਦਾ ਹੈ
ਮੈਂ ਵਰ੍ਹਿਆਂ ਤੱਕ ਆਪਣੇ
ਮਰੇ ਹੋਏ ਮਨ ਦੇ ਕੋਲ ਬੈਠਾ ਰਿਹਾ ਹਾਂ
ਉਹ ਬੜੀ ਹੀ ਵੀਰਾਨ ਜਗ੍ਹਾ ਹੈ
ਮੈਂ ਸ਼ਮਸਾਨ ਵਿੱਚ ਬੈਠ ਕੇ ਕਵਿਤਾ ਲਿਖਣੀ ਸਿੱਖੀ ਹੈ
ਜਿੱਥੇ ਹਰ ਚੀਜ਼ ਆਪਣਾ ਮਹੱਤਵ ਗਵਾ ਦਿੰਦੀ ਹੈ
ਇਹ ਜਗ੍ਹਾ ਸਭ ਤੋਂ ਵੱਡਾ ਸੱਚ ਹੈ
ਜਿੱਥੇ ਆਸਤਿਕਤਾ, ਨਾ ਨਾਸਤਿਕਤਾ
ਦੇਵ ਜਾਂ ਚੰਡਾਲ ਹੋਣ ਦਾ ਕੋਈ ਮਤਲਬ ਨਹੀਂ ਹੁੰਦਾ

ਕੋਈ ਰੁੱਤ ਹੁੰਦੀ ਹੈ, ਜਦੋਂ ਪੱਤੇ ਝੜ੍ਹਦੇ ਹਨ
ਕੋਈ ਮੌਸਮ ਹੁੰਦਾ ਹੈ, ਜਦੋਂ ਫੁੱਲ ਖਿੜ੍ਹਦੇ ਹਨ
ਕੋਈ ਉਮਰ ਹੁੰਦੀ ਹੈ,
ਜਦੋਂ ਮਨੁੱਖ ਬਿਰਖ ਹੋਣ ਲਗਦੇ ਹਨ

ਮਨ ਨੂੰ ਪਕੜਨਾ ਔਖਾ ਹੈ
ਦਿਨ ਵੇਲੇ ਦੇ ਸਾਰੇ ਕਰਮ-ਕਾਂਡ

ਸਾਰਾ ਪੂਜਾ-ਪਾਠ
ਰਾਤ ਦਾ ਇੱਕ ਅਸ਼ਲੀਲ ਸੁਪਨਾ ਖਾ ਜਾਂਦਾ ਹੈ
ਤੇ ਮਨੁੱਖ ਆਤਮ -ਗਿਲਾਨੀ ਨਾਲ ਭਰਨ ਲਗਦਾ ਹੈ

ਸਾਨੂੰ ਇਹੋ ਸਿਖਾਇਆ ਗਿਆ ਹੈ
ਰਿਸ਼ਤਿਆਂ ਦਾ ਇੱਕ ਕਲਬੂਤ ਹੈ
ਅਸੀਂ ਆਪਣੇ ਆਪ ਨੂੰ ਉਸ ਵਿੱਚ ਫਿੱਟ ਕਰੀਏ
ਭਾਵੇਂ ਸਾਡੀ ਆਤਮਾ ਚਿੱਥੀ ਹੋ ਜਾਵੇ
ਤੇ ਮੈਂ
ਮੈਂ ਤਾਂ ਛੋਟਾ -ਮੋਟਾ ਅਯਾਸ਼ ਹਾਂ
ਕਦੇ ਕਦੇ ਰੋਮੈਨਟਿਕ ਕਵਿਤਾ ਲਿਖ ਲੈਂਦਾ ਹਾਂ
ਕਦੇ ਕਦਾਈ ਤੇਰੀ ਕੋਈ ਤਸਵੀਰ ਵੇਖ ਲੈਂਦਾ ਹਾਂ
ਸਾਡਾ ਧਰਮ ਇਸ ਦੀ ਇਜਾਜ਼ਤ ਨਹੀਂ ਦਿੰਦਾ
ਪਰ ਇਹ ਸਭ ਕੁਝ ਇੱਕ ਮਿੰਟ ਵਿੱਚ ਹੋ ਜਾਂਦਾ ਹੈ
ਪਤਾ ਵੀ ਨਹੀਂ ਲਗਦਾ
ਬਾਅਦ ਵਿੱਚ ਸਮਝ ਆਉਂਦਾ ਹੈ
ਇੱਕ ਮਿੰਟ ਬਹੁਤ ਵੱਡਾ ਹੁੰਦਾ ਹੈ
ਅਣਗਿਣਤ ਬਲਾਤਕਾਰ, ਵਿਆਹ
ਖੁਸ਼ੀਆਂ, ਗਮੀਆਂ, ਜੰਮਣ, ਮਰਨ
ਕਿੰਨਾ ਕੁਝ ਇੱਕ ਮਿੰਟ ਵਿੱਚ ਹੋ ਜਾਂਦਾ ਹੈ
ਇੱਕ ਮਿੰਟ ਵਿੱਚ ਅਸੀਂ ਕਿਸੇ ਦੇ ਹੋ ਜਾਂਦੇ ਹਾਂ
ਇੱਕ ਮਿੰਟ ਵਿੱਚ ਅਸੀਂ ਇੱਕ ਦੂਜੇ ਦੇ ਨਹੀਂ ਰਹਿੰਦੇ
ਇੱਕ ਮਿੰਟ ਛੋਟਾ ਨਹੀਂ ਹੁੰਦਾ

ਬਹੁਤ ਕੁਝ ਹੈ
ਜਿਸ ਨੂੰ ਮਨੁੱਖ ਬਦਲ ਨਹੀਂ ਸਕਦਾ
ਅਸੀਂ ਕਿੰਨੇ ਵੀ ਫੈਸ਼ਨਏਬਲ ਹੋ ਜਾਈਏ
ਸਾਨੂੰ ਕਿੰਨੇ ਵੀ ਰੰਗ ਪਸੰਦ ਹੋਣ
ਅਸੀਂ ਬਹੁਤ ਕੁਝ ਕਲਰਫੁੱਲ ਚਾਹੁੰਦੇ ਹਾਂ
ਪਰ ਅੱਥਰੂਆਂ ਦਾ ਰੰਗ

Scanned by CamScanner

ਰਹਿੰਦੀ ਦੁਨੀਆਂ ਤੱਕ ਇਹੋ ਰਹੇਗਾ
ਅਸੀਂ ਸੂਰਜ ਦਾ ਟੈਂਪਰੇਚਰ ਸੈੱਟ ਨਹੀਂ ਕਰ ਸਕਦੇ
ਅਸੀਂ ਚੰਦ ਨੂੰ ਜੇਬ 'ਚ ਨਹੀਂ ਪਾ ਸਕਦੇ
ਅਸੀਂ ਮੁਹੱਬਤ ਨੂੰ ਆਪਣੇ ਮੁਤਾਬਕ ਨਹੀਂ ਕਰ ਸਕਦੇ

ਮੈਂ ਵੀ ਹਰ ਕਿਸੇ ਵਾਂਗ
ਕੁਝ ਚਾਹੁੰਦਾ ਹਾਂ, ਖੁਸ਼ਬੂ ਵਰਗਾ
ਕੁਝ ਪਰਫਿਊਮ ਵਰਗਾ, ਕਿ ਜ਼ਿੰਦਗੀ ਮਹਿਕ ਜਾਵੇ
ਪਰ ਅੰਦਰ ਇੱਕ ਹੋਰ ਸੱਚ ਜਿਉਂਦਾ ਹੈ
ਮੈਂ ਆਪਣੇ ਹਿੱਸੇ ਦੇ ਗੁਲਾਬ
ਉਸ ਜ਼ਮੀਨ 'ਤੇ ਨਹੀਂ ਬੀਜ ਸਕਦਾ
ਜੋ ਕਿਸੇ ਦਾ ਘਰ ਉਜਾੜ ਕੇ ਤਿਆਰ ਕੀਤੀ ਗਈ ਹੋਵੇ

ਮੈਂ ਤੈਨੂੰ ਅਸੀਸ ਦਿੰਦਾ ਹਾਂ
ਤੇਰਾ ਮਨ, ਤੇਰਾ ਦਿਲ ਹਮੇਸ਼ਾ ਅਪਣੱਤ ਨਾਲ ਭਰਿਆ ਰਹੇ
ਇਸ ਦੇ ਨਾਲ ਜਿਉਣਾ ਸੌਖਾ ਹੋ ਜਾਂਦਾ
ਬਿਨਾ ਇਸ ਦੇ ਜ਼ਿੰਦਗੀ ਕੂੜਾ ਢੋਣ ਵਾਂਗ ਹੁੰਦੀ ਹੈ
ਇਸ ਦੇ ਨਾਲ ਆਲਾ ਦੁਆਲਾ ਸਾਫ਼ ਤਾਂ ਰਹਿੰਦਾ ਹੈ
ਪਰ ਖੁਸ਼ਬੂ ਨਾਲ ਨਹੀਂ ਭਰਦਾ

ਮੈਂ ਸਿਆਹੀ ਡੋਲ ਦਿੱਤੀ ਹੈ
ਪਰ ਅੱਥਰੂ ਬਚਾ ਲੈਂਦਾ ਹਾਂ
ਕੁਝ ਨਾ ਕੁਝ ਤੇਰੇ ਬਾਰੇ ਲਿਖਣ ਲਈ
ਪਰ ਇਹ ਸਭ ਪੜ੍ਹਨਯੋਗ ਨਹੀਂ ਹੈ
ਸਭ ਮੇਰੇ ਵਾਂਗ ਹੈ, ਟਰਾਂਸਪੇਰੈਂਟ

ਕਿਸੇ ਕੋਲੋਂ ਰੁਖ਼ਸਤ ਹੋਣ ਦੇ, ਵਿਦਾ ਲੈਣ ਦੇ
ਕਿੰਨੇ ਢੰਗ ਹਨ
ਮੈਂ..... ਬਾਏ..... ਆਖਦਾ ਹਾਂ
ਇਹ ਸ਼ਬਦ ਤੈਨੂੰ ਬੜਾ ਚੁਭਦਾ ਹੈ

ਤੂੰ ਹਮੇਸ਼ਾ ਇਸ ਨੂੰ ਹੋਰ ਤਰ੍ਹਾਂ ਸੁਣਨਾ ਚਾਹੁੰਦੀ ਹੈਂ
ਜਿਵੇਂ ਕਿ : ਫੇਰ ਮਿਲਦੇ ਹਾਂ
ਮੈਂ ਸਮਝ ਸਕਦਾ ਹਾਂ
ਇੱਕੋ ਸ਼ਬਦ, ਇੱਕ ਦਮ ਕਿੰਨਾ ਕੁਝ ਖਤਮ ਕਰਦਾ ਹੈ
ਸਿਰਫ਼ ਬਾਏ ਕਹਿਣ ਨਾਲ
ਟੁੱਟ ਜਾਂਦੀ ਹੈ ਗੱਲਾਂ ਦੀ ਲੜੀ
ਕਈ ਵਾਰ ਕਿਸੇ ਆ ਰਹੇ ਵਿਚਾਰ ਦਾ ਗਲ ਘੁੱਟਿਆ ਜਾਂਦਾ ਹੈ
ਇਸ ਨੂੰ ਸੁਣਨ ਬਾਅਦ
ਕਿੰਨਾ ਕੁਝ ਰਹਿ ਜਾਂਦਾ ਹੈ ਅਣਕਿਹਾ
ਜੋ ਅਨੰਤਕਾਲ ਵਿੱਚ ਲਟਕ ਜਾਂਦਾ ਹੈ
ਫਿਰ ਪਤਾ ਨਹੀਂ ਕਦੋਂ ਇਹ ਸਭ ਕਹਿ ਹੋਵੇ
ਮੈਨੂੰ ਵੀ ਔਖਾ ਲੱਗਿਆ
ਇਹ ਤਿੰਨ ਸ਼ਬਦ ਸੁਣਨੇ
"ਸੀ ਯੂ ਲੇਟਰ"
ਕੀ ਪਤਾ ਕਦੋਂ?
ਇਹ ਸ਼ਬਦ ਕਿਸੇ ਨਿਸ਼ਚਿਤ ਸਮੇਂ ਨੂੰ ਨਹੀਂ ਦਰਸਾਉਂਦੇ
ਇੱਕ ਉਡੀਕ ਜੋ ਅਗਲੇ ਪਲ ਵੀ ਖਤਮ ਹੋ ਸਕਦੀ ਹੈ
ਜਾਂ ਫਿਰ ਕਦੇ ਵੀ ਨਹੀਂ

ਆਪਾਂ ਨੂੰ ਬਿਲਕੁਲ ਪਤਾ ਹੈ
ਇੱਥੇ ਕੀ ਸੰਭਵ ਹੋ ਸਕਦਾ ਹੈ ਜਾਂ ਨਹੀਂ
ਇੱਕ ਸਕੂਨ ਵਿੱਚ ਜਿਉਂਇਆਂ ਕਰ
ਮੈਂ ਕੁਝ ਵੀ ਨਿਸ਼ਚਿਤ ਨਹੀਂ ਕਰਨਾ ਚਾਹੁੰਦਾ
ਜੇ ਸਭ ਕੁਝ ਹੀ ਮਿੱਟੀ ਹੀ ਹੈ
ਤਾਂ ਮੈਂ ਮਿੱਟੀ ਦੀ ਸੁਆਹ ਉਡਦੀ ਨਹੀਂ ਵੇਖਣਾ ਚਾਹੁੰਦਾ
ਲੋਕਾਂ ਵਾਂਗ ਕੋਈ ਗੱਲ ਨਾ ਕਰ
ਭਾਵੇਂ ਤੂੰ ਸੋਚ ਲਵੀਂ
ਮੈਂ ਸੁਆਹ ਵਿੱਚ ਫੂਕਾਂ ਮਾਰਦਾ ਹਾਂ
ਮੈਂ ਸੁਆਹ ਉਡਾਉਂਦਾ ਹਾਂ

Scanned by CamScanner

ਮੈਂ ਰੋਜ਼ ਹੱਸਦਾ ਹਾਂ
ਮੈਂ ਰੋਜ਼ ਰੋਂਦਾ ਹਾਂ
ਰੋਜ਼ ਆਪਣੇ ਕੋਲ ਹੁੰਦਾ ਹਾਂ
ਰੋਜ਼ ਤੇਰੇ ਕੋਲ ਜਾ ਕੇ ਮੁੜ ਆਉਂਦਾ ਹਾਂ
ਇਹ ਸਭ ਆਪਣੇ ਆਪ ਚੱਲ ਰਿਹਾ ਹੈ
ਸਮੇਂ ਨੂੰ ਤਲਾਸ਼ ਕਰਨ ਦੇ
ਸਾਡੇ ਲਈ ਕੋਈ ਜਗ੍ਹਾ
ਜਿੱਥੇ ਧਿਆਨ ਨਾ ਕਰਨਾ ਪਵੇ
ਕਿ ਕੌਣ ਕੀ ਸੋਚਦਾ ਹੈ ਸਾਡੇ ਬਾਰੇ
ਇੱਥੇ ਤਾਂ ਅਸੀਂ ਆਪਣੇ ਨਿੱਜੀ ਫੈਸਲੇ ਵੀ ਆਪ ਨਹੀਂ ਕਰਦੇ
ਸਾਨੂੰ ਕਿਸੇ ਨਿੱਕੇ ਜਿਹੇ ਸਕੂਨ ਦੀ ਤਲਾਸ਼
ਲੈ ਜਾਂਦੀ ਹੈ ਜਲਾਲਤ ਵੱਲ
ਜਦੋਂ ਸ਼ਾਂਤੀ ਦੇ ਅਰਥ ਸਮਝ ਆਉਂਦੇ ਹਨ
ਤਾਂ ਇਸ ਦੇ ਉਪਰੋਂ ਕੁਝ ਵੀ ਵਾਰਿਆ ਜਾ ਸਕਦਾ ਹੈ

ਚਾਹੇ ਕੁਝ ਵੀ ਹੈ
ਹੁਣ ਮੈਨੂੰ ਲਗਦਾ ਹੈ, ਮੁਹੱਬਤ ਵੀ ਇੱਕ ਲੋੜ ਹੀ ਹੈ
ਲੋੜ ਸ਼ਬਦ ਮੈਨੂੰ ਹੋਰ ਹੀ ਤਰ੍ਹਾਂ ਦਾ ਲਗਦਾ ਹੈ
ਮੈਨੂੰ ਇਸ 'ਚੋਂ ਸਵਾਰਥ ਦੀ ਬੂ ਆਉਂਦੀ ਹੈ
ਜਦੋਂ ਜਦੋਂ ਵੀ ਮੈਂ ਸਵਾਰਥ ਨੂੰ ਵੇਖਦਾ ਹਾਂ
ਇਸ ਤੋਂ ਪਾਸੇ ਚਲਿਆ ਜਾਂਦਾ ਹਾਂ
ਇਸ 'ਚ ਮੁਹੱਬਤ ਕਿਤੇ ਪਿੱਛੇ ਰਹਿੰਦੀ ਲਗਦੀ ਹੈ
ਹੁਣ ਮੁਹੱਬਤ ਸ਼ਾਂਤੀ ਤੋਂ ਚੰਗੀ ਨਹੀਂ ਲਗਦੀ
ਮੈਂ ਉਡੀਕ ਕਰਾਂਗਾ
ਕੋਈ ਥਾਂ ਬਣੇ, ਜਿੱਥੇ ਸਭ ਕੁਝ ਉਹ ਹੋਵੇ
ਜੋ ਇਲਜ਼ਾਮ ਨਾ ਬਣੇ
ਜੋ ਜਲਾਲਤ ਨਾ ਹੋਵੇ
ਇਸ ਲਈ ਤੇਰੇ ਕਹੇ ਇਹ ਸ਼ਬਦ ਹੁਣ ਬੁਰੇ ਨਹੀਂ ਲਗਦੇ
ਤੂੰ ਠੀਕ ਕਿਹਾ ਸੀ
"ਸੀ ਯੂ ਲੇਟਰ"

ਆਉਣ-ਜਾਣ

ਹੁਣ ਤਾਂ ਔਖਾ ਹੈ
ਮੇਰਾ ਤੇਰੇ ਤੱਕ ਆਉਣਾ
ਹੁਣ ਤਾਂ ਆਪਣੇ ਆਪ ਕੋਲ ਵੀ
ਮੈਂ ਕਦੇ ਕਦੇ ਆਉਂਦਾ ਹਾਂ

ਲੱਭਣ-ਗਵਾਉਣ

ਮੈਂ, ਮੈਂ ਨਾ ਰਿਹਾ
ਤੂੰ, ਤੂੰ ਨਾ ਰਹੀ
ਤੇ ਕੀ ਕੁਝ
ਕੁਝ ਵੀ ਨਾ ਰਿਹਾ
ਤੈਨੂੰ ਖੁਦਾ ਕਰਦੇ ਕਰਦੇ

ਅਸਲੀਅਤ

ਮੈਂ ਖਾਲੀ ਆਦਮੀ ਹਾਂ
ਮੇਰੇ ਕੋਲ ਪੁੱਛਣ ਲਈ ਸਵਾਲ ਨਈਂ ਹੁੰਦੇ
ਦੇਣ ਲਈ ਜਵਾਬ ਨਈਂ ਹੁੰਦੇ
ਤੇ ਜ਼ਿੰਦਗੀ ਮੈਨੂੰ ਇਸ ਤਰ੍ਹਾਂ ਮਿਲੀ
ਜਿਵੇਂ ਵੱਡੀ ਬੇਬੇ
ਬਿਸਕੁਟ ਮੁੱਕਣ ਬਾਅਦ
ਪੀਪੇ ਨੂੰ ਪੁੱਠਾ ਕਰਕੇ ਝਾੜ ਦਿੰਦੀ ਹੈ

ਸਭ ਖਾਲੀ ਖਾਲੀ
ਮੇਰੇ ਕੋਲ ਨਾ ਆਉਣਾ

Scanned by CamScanner

ਜੋ ਸੱਚ ਹੈ

ਔਰਤਾਂ ਦੀ ਦੇਹ ਤੇ ਇੱਕ ਕਿਰਿਆ ਚਲਦੀ ਹੈ
ਮਾਸਿਕ-ਧਰਮ
ਟਪਕਦੇ ਲਹੂ ਵਿੱਚੋਂ ਮਨੁੱਖ ਪੈਦਾ ਹੁੰਦਾ ਹੈ

ਧਰਮ ਸ਼ਬਦ ਦੇ ਅਣਗਿਣਤ ਅਰਥ ਹਨ

ਸੂਰਜ ਦਾ ਧਰਮ ਹੈ
ਰੋਜ਼ ਬਿਨਾਂ ਕਿਸੇ ਲੋਭ ਦੇ ਚੜ੍ਹ ਜਾਂਦਾ ਹੈ
ਧਰਤੀ ਦਾ ਧਰਮ ਹੈ
ਬਿਨਾਂ ਕਿਸੇ ਲਾਲਚ ਦੇ ਘੁੰਮਦੀ ਹੈ

ਤੁਹਾਡੇ ਸਾਰੇ ਧਰਮ
ਤੁਹਾਡੇ ਜਨਮ ਤੋਂ ਬਾਅਦ ਸ਼ੁਰੂ ਹੁੰਦੇ ਹਨ
ਤੁਹਾਡੀ ਮਾਂ ਕੋਲ ਇੱਕ ਆਪਣਾ ਧਰਮ ਹੈ

ਜੋ ਤੁਹਾਡੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ
ਇੱਕ ਮਾਂ ਹੋਣ ਦਾ ਧਰਮ

ਜੇ ਫੇਰ ਵੀ ਤੁਸੀਂ ਔਰਤਾਂ ਲਈ
ਸਤਿਕਾਰ ਨਾਲ ਨਹੀਂ ਭਰਦੇ
ਤਾਂ ਧਾਰਮਿਕ ਹੋਣ ਦਾ ਹਰ ਖਿਆਲ ਛੱਡ ਦੇਣਾ

ਸ਼ਬਦ-ਅਰਥ

ਜਿਵੇਂ ਸ਼ਰਾਰਤਾਂ
ਖੇਡ ਨਹੀਂ ਹੁੰਦੀਆਂ
ਸਾਰੇ ਸਬੰਧ
ਰਿਸ਼ਤੇ ਨਹੀਂ ਹੁੰਦੇ
ਸਾਰੀਆਂ ਔਰਤਾਂ
ਮਾਵਾਂ ਨਹੀਂ ਹੁੰਦੀਆਂ
ਸਾਰੇ ਆਦਮੀ
ਮਰਦ ਨਹੀਂ ਹੁੰਦੇ

ਬਸ ਉਸੇ ਤਰ੍ਹਾਂ ਹੀ
ਸਾਰੇ ਕਵਿਤਾ ਲਿਖਣ ਵਾਲੇ
ਕਵੀ ਨਹੀਂ ਹੁੰਦੇ
ਤੇ ਤੁਹਾਡੇ ਸਾਰੇ ਖਿਆਲ
ਕਵਿਤਾ ਨਹੀਂ ਹੁੰਦੇ

ਸਮਝਦਾਰੀ

ਕਿਸੇ ਨੂੰ ਮਿਲਣ ਦੇ ਅਰਥ
ਇੱਕ ਦੂਜੇ ਨੂੰ ਲੱਭ ਲੈਣਾ ਹੋ ਸਕਦੇ ਹਨ

ਤੈਨੂੰ ਨਹੀਂ ਪਤਾ
ਕਿਸੇ ਨੂੰ ਲੱਭਣਾ
ਇੱਕ ਦੂਜੇ 'ਚ ਗੁੰਮ ਜਾਣਾ ਹੈ

Scanned by CamScanner

ਚਰਿੱਤਰ

ਮਰਿਯਾਦਾ ਵਰਜਦੀ ਹੈ
ਸੰਸਕਾਰ ਰੋਕਦੇ ਹਨ
ਧਰਮ ਸਮਝਾਉਂਦਾ ਹੈ

ਕੀ ਕੁਝ ਲੰਘ ਕੇ ਆਉਂਦਾ ਹਾਂ
ਰੋਜ਼ ਤੇਰੇ ਤੱਕ

ਤੂੰ ਵੀ ਨਾ ਆਖ ਦੇਵੀਂ
ਮੈਂ ਵਿਭਚਾਰ ਕਰਦਾ ਹਾਂ

ਸੁਭਾਗ

ਪਹਿਲੀ ਮੁਹੱਬਤ
ਸੰਖੀਏ ਵਰਗੀ ਹੁੰਦੀ ਹੈ
ਬਹੁਤ ਤੇਜ਼ ਜ਼ਹਿਰ

ਤੇ ਸੰਖੀਆ
ਕਿਸੇ ਕਿਸੇ ਦੇ ਪਚਦਾ ਹੈ
ਇਸ ਨੂੰ ਖਾ ਪਚਾ ਕੇ
ਕੋਈ ਕੋਈ ਹੀ ਬਚਦਾ ਹੈ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

ਉਹ ਬੱਗੇ ਜਿਹੇ ਰੰਗ ਦੀ ਕੁੜੀ
ਨਿੱਕੀ ਜਿਹੀ ਬੱਚੀ
ਭੋਲ਼ੀ-ਭਾਲ਼ੀ
ਉਸ ਨੇ ਲੰਘਣਾ ਸੀ
ਮੈਂ ਉਸ ਦੇ ਰਸਤੇ 'ਚ ਆ ਗਿਆ ਹਾਂ

ਕੁਝ ਨਹੀਂ ਬੋਲੀ
ਨਿੱਕੇ-ਨਿੱਕੇ ਸੈਂਡਲ ਸਨ ਉਸ ਦੇ ਪੈਰਾਂ 'ਚ
ਬੱਦਰੀਆਂ ਨਾਲ ਪੈਰਾਂ 'ਚ ਫਸਾਏ ਹੋਏ

ਮਾਂ ਫ਼ਿਕਰ ਕਰਦੀ ਹੋਣੀਂ
ਕਿਧਰੇ ਲਹਿ ਨਾ ਜਾਵਣ
ਇਸ ਨੂੰ ਕੀ ਪਤਾ
ਐਵੇਂ ਕਿਤੇ ਗਵਾ ਹੀ ਆਵੇ
ਕੋਈ ਨੁਕਸਾਨ ਕਰਾ ਹੀ ਆਵੇ

ਉਸ ਨੇ ਮੈਨੂੰ ਨਹੀਂ ਕਿਹਾ
ਪਾਸੇ ਹੋ ਜਾਓ : ਮੈਂ ਲੰਘਣਾ ਹੈ
ਚੁੱਪ-ਚਾਪ ਮੇਰੇ ਵੱਲ ਵੇਖਣ ਲੱਗੀ

ਮੇਰੇ ਮਨ ਵਿੱਚ ਕੁਝ ਸ਼ਬਦ ਆਏ
ਰਸਤਾ ਦੇਵੋ
ਪ੍ਰਮਾਤਮਾ ਲੰਘ ਰਿਹਾ ਹੈ
ਅੱਖਾਂ ਵਿੱਚ ਪਾਣੀ ਤੈਰਨ ਲਗਦਾ ਹੈ
ਮੇਰੇ ਅੰਦਰ ਕੁਝ ਕੰਬਦਾ ਹੈ
ਮੈਂ ਆਪਣੇ ਆਪ ਨੂੰ
ਰਸਤੇ 'ਚੋਂ ਪਾਸੇ ਕਰਦਾ ਹਾਂ
ਤੁਹਾਡੇ ਹੌਸਲੇ ਵੱਡੇ ਨੇ
ਮੈਂ ਤਾਂ ਬੱਚਿਆਂ ਤੋਂ ਵੀ ਡਰਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

Scanned by CamScanner

ਮੈਂ ਕਵਿਤਾ ਨਹੀਂ ਸੁਣਾਉਂਦਾ ਕਿਸੇ ਨੂੰ
ਐਵੇਂ ਆਵਾਜ਼ਾਂ ਮਾਰ-ਮਾਰ ਕੇ
ਕੋਲੇ ਨਹੀਂ ਬੁਲਾਉਂਦਾ ਕਿਸੇ ਨੂੰ
ਮਾਂ ਸੱਦ ਲੈਂਦੀ ਹੈ ਕਦੇ ਕਦਾਈਂ
ਕੀ ਲਿਖਿਆ ਹੈ ਪੁੱਤ ਵਿਖਾਈਂ
ਜਾਂ ਆਖਦੀ ਹੈ
ਅੱਜ ਜੋ ਲਿਖਿਆ ਮੈਨੂੰ ਸੁਣਾਈਂ
ਆਪਣਾ ਬਹੁਤਾ, ਥੋੜ੍ਹਾ ਜੋ ਵੀ ਲਿਖਿਆ ਹੈ
ਅਕਸਰ ਇਕੱਲਾ ਬੈਠ ਕੇ ਪੜ੍ਹਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

ਜੇ ਤੁਹਾਡਾ ਮਨ ਠੀਕ ਹੋਵੇ
ਜੇ ਤੁਹਾਡਾ ਤਨ ਠੀਕ ਹੋਵੇ
ਕਿਸੇ ਵੀ ਮਨੁੱਖ ਕੋਲ ਹੁੰਦਿਆਂ
ਤੁਹਾਨੂੰ ਮਹਿਬੂਬ ਵਰਗੀ ਅਪਣੱਤ ਮਹਿਸੂਸ ਨਾ ਹੋਵੇ
ਤਾਂ ਉਸ ਮਨੁੱਖ ਨੂੰ
ਕਦੇ ਵੀ ਕਵੀ ਸਵੀਕਾਰ ਨਾ ਕਰਨਾ
ਆਪਣੇ ਮਾਂ ਬਾਪ ਦੇ ਕੋਲ ਹੁੰਦਿਆਂ
ਜੇ ਤੁਹਾਨੂੰ ਆਪਣਾ ਆਪ
ਉਹਨਾਂ ਤੋਂ ਵੱਡਾ ਲੱਗੇ
ਤਾਂ ਆਪਣੇ ਆਪ ਨੂੰ ਕਦੇ ਵੀ
ਮਨੁੱਖ ਸਵੀਕਾਰ ਨਾ ਕਰਨਾ
ਆਪਣੇ ਮਹਿਬੂਬ ਦੇ ਕੋਲ ਹੁੰਦਿਆਂ
ਜੇ ਤੁਸੀਂ ਸ਼ਰਮ ਤੇ ਝਿਜਕ ਨਾਲ ਨਹੀਂ ਭਰਦੇ
ਤਾਂ ਇਸ ਨੂੰ ਸਿਰਫ਼ ਲੋੜ ਦਾ ਸਬੰਧ ਮੰਨ ਲੈਣਾ
ਇਸ ਨੂੰ ਮੁਹੱਬਤ ਸਵੀਕਾਰ ਨਾ ਕਰਨਾ
ਔਰਤਾਂ ਕੋਲ, ਕੁੜੀਆਂ ਕੋਲ ਹੁੰਦਿਆਂ
ਜੇ ਕਦੇ ਵੀ ਤੁਹਾਡੇ ਤੋਂ ਬਿਨਾਂ ਇਜ਼ਾਜ਼ਤ
ਉਹਨਾਂ ਦਾ ਹੱਥ ਫੜ੍ਹਿਆ ਜਾਵੇ
ਤਾਂ ਆਪਣੇ ਆਪ ਨੂੰ ਪਸ਼ੂ ਸਵੀਕਾਰ ਕਰਨਾ
ਸਿਰਫ਼ ਉਹਨਾਂ ਨੂੰ ਹੀ ਮਰਿਯਾਦਾ ਦਾ ਪਤਾ ਨਹੀਂ ਹੁੰਦਾ

ਮੈਂ ਖਾਲੀ ਜਿਹਾ ਆਦਮੀ
ਕੁਝ ਇਸੇ ਤਰ੍ਹਾਂ ਦੀਆਂ ਨਿੱਕੀਆਂ ਵੱਡੀਆਂ ਗੱਲਾਂ ਨਾਲ
ਰੋਜ਼ ਥੋੜ੍ਹਾ-ਬਹੁਤਾ ਭਰਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

ਕੁਝ ਸ਼ਬਦਾਂ ਦੇ ਖਿਆਲਾਂ ਵਿੱਚ ਆਉਂਦਿਆਂ
ਆਪਣੇ ਮਨ ਵਿੱਚ ਤੁਰਦਿਆਂ
ਤੁਹਾਡੀ ਦੇਹ 'ਤੇ ਕੁਝ ਨਾ ਕੰਬੇ
ਅੱਖਾਂ ਵਿੱਚ ਪਾਣੀ ਨਾ ਤੈਰਨ ਲੱਗੇ

ਤੁਹਾਨੂੰ ਨਾ ਲੱਗੇ
ਕਿ ਕੁਝ ਸ਼ਬਦ ਅਜਿਹੇ ਵੀ ਹੁੰਦੇ ਹਨ
ਜਿਨ੍ਹਾਂ ਦੇ ਕੋਲ ਹੁੰਦਿਆਂ
ਤੁਹਾਨੂੰ ਆਪਣੇ ਆਪ 'ਚੋਂ ਮਹਿਕ ਆਵੇ
ਤੁਹਾਡੇ ਲਹੂ ਦੀ ਗਤੀ ਵਧੇ ਜਾਂ ਘਟੇ ਨਾ
ਜਾਂ ਸੀਤ ਹੋ ਜਾਵੇ ਪਿੰਡਾ
ਜਾਂ ਰੋਹ ਨਾਲ ਭਰ ਜਾਵੇ ਆਤਮਾ
ਤਾਂ ਇਨ੍ਹਾਂ ਸ਼ਬਦਾਂ ਨੂੰ ਕਵਿਤਾ ਸਵੀਕਾਰ ਨਾ ਕਰਨਾ

ਕਦੇ ਸਮਾਂ ਆਉਂਦਾ ਹੈ
ਲੱਕੜਾਂ ਦੇ ਅਰਥ ਸਿਰਫ਼ ਬਾਲਣ ਹੁੰਦੇ ਹਨ
ਸੁਹੱਪਣ ਦੇ ਅਰਥ
ਬਿਨਾਂ ਅਪਣੱਤ ਤੇ ਮੁਹੱਬਤ ਦੇ
ਸਿਰਫ਼ ਘੱਟਾ ਢੋਣਾ ਹੁੰਦੇ ਹਨ

ਕਦੇ ਦੀਵਾਲੀ ਦੀ ਸਫ਼ਾਈ ਕਰਦਿਆਂ
ਪਰਿਵਾਰ ਮਹਿਸੂਸ ਕਰਦਾ ਹੈ
ਇਹ ਸਨਮਾਨ ਚਿੰਨ੍ਹ ਸਿਰਫ਼ ਥਾਂ ਘੇਰਦੇ ਹਨ

ਅਜਿਹਾ ਬਹੁਤ ਕੁਝ ਦੀਵਾਲੀ ਦੀ ਸਫ਼ਾਈ ਦੀ
ਭੇਟ ਚੜ੍ਹ ਜਾਂਦਾ ਹੈ
ਸਾਰਾ ਸਨਮਾਨ ਝਾੜੂਆਂ ਦੇ ਥੱਲੇ

Scanned by CamScanner

ਬਸ ਭਾਂਡੇ ਵਿੱਚ ਵੜ ਜਾਂਦਾ ਹੈ

ਮੈਂ ਤਾਂ ਕਿਸੇ ਨੂੰ ਵੀ ਖੁਸ਼ ਵੇਖ ਕੇ
ਖੁਸ਼ ਹੋ ਜਾਂਦਾ ਹਾਂ
ਰੋਂਦਾ ਵੇਖ ਕੇ, ਚੁੱਪ-ਚਾਪ ਮਰਦਾ ਹਾਂ
ਕਿਸੇ ਨੂੰ ਸੌਖਾ ਵੇਖ ਕੇ
ਪਰ ਕਦੇ ਨਾ ਸੜ੍ਹਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

ਕਵੀ ਹੋਣਾ ਤਾਂ ਸੰਤ ਹੋਣਾ ਹੈ
ਕਵੀ ਹੋਣਾ ਤਾਂ ਬੇਅੰਤ ਹੋਣਾ ਹੈ
ਕਵੀ ਹੋਣਾ ਤਾਂ ਧਰਤੀ ਦੇ ਅੰਦਰ
ਕਿੰਨੀਆਂ ਹੀ ਧਰਤੀਆਂ ਲੱਭ ਲੈਣਾ ਹੈ
ਇੱਕ ਅਸਮਾਨ ਦੇ ਥੱਲੇ ਖੜ ਕੇ
ਆਪਣੇ ਅਸਮਾਨ ਸਿਰਜ ਲੈਣਾ ਹੈ
ਇਹ ਵੱਖਰੀ ਗੱਲ ਹੈ
ਹੰਕਾਰ ਨਾਲ ਕੁਝ ਲੋਕਾਂ ਦੇ ਸਿਰ ਭਰੇ ਹੋਏ ਨੇ
ਇਸੇ ਤਰ੍ਹਾਂ ਕੁਝ ਲੋਕ ਜਿਉਂਦੇ ਜੀ ਮਰੇ ਹੋਏ ਨੇ
ਮੁਹੱਬਤ ਮਰਜ਼ੀ ਦੱਸਣਾ ਨਹੀਂ ਹੁੰਦਾ
ਇਹ ਤਾਂ ਇੱਛਾ ਸਵੀਕਾਰ ਕਰਨਾ ਹੈ
ਤੇ ਕਵੀਆਂ ਦੀ ਕੋਈ ਸ਼ਨਾਖਤ ਨਹੀਂ ਹੁੰਦੀ
ਕੋਈ ਸ਼ਕਲ ਵੀ ਨਹੀਂ ਹੁੰਦੀ
ਉਹ ਸਿਰਫ਼ ਸ਼ਬਦ ਹੁੰਦੇ ਹਨ
ਮੈਨੂੰ ਵੇਖ ਕੇ ਕੀ ਲੈਣਾ ਹੈ
ਆਪਣੇ ਆਪ ਨੂੰ ਵੇਖ ਕੇ ਹੀ ਜੀ ਲੈਣਾ
ਜਾਂ ਚਲਦਾ ਹੋਵੇ ਜਦੋਂ ਸਿਰ ਵਿੱਚ
ਸਰਬੱਤ ਦਾ ਭਲਾ
ਜਾਂ ਆਵਦੀ ਕੋਈ ਵੀ ਖੁਸ਼ੀ
ਕਿਸੇ ਦੇ ਹਾਸੇ ਤੋਂ ਕੁਰਬਾਨ ਕਰਨ ਦੀ ਲਾਲਸਾ ਹੋਵੇ
ਉਦੋਂ ਮੇਰੇ ਕੁਝ ਸ਼ਬਦ ਪੜ੍ਹਨਾ
ਫਿਰ ਟਿਕੇ ਮਨ ਦੇ ਨਾਲ
ਸ਼ੀਸ਼ੇ ਮੂਹਰੇ ਖੜ੍ਹਨਾ

ਜੋ ਵੀ ਨਜ਼ਰ ਆਵੇ, ਉਹ ਮੈਂ ਹਾਂ

ਮੈਂ ਤਾਂ ਇਸੇ ਤਰ੍ਹਾਂ ਦੀਆਂ
ਪੁੱਠੀਆਂ-ਸਿੱਧੀਆਂ ਗੱਲਾਂ ਕਰਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

ਮੈਂ ਇਹ ਵੀ ਨਹੀਂ ਚਾਹੁੰਦਾ ਕੋਈ ਮੈਨੂੰ ਵੇਖੇ
ਉਸ ਨੂੰ ਮਨ ਹੀ ਮਨ ਕਹਿੰਦਾ ਹਾਂ
ਔਖਾ ਤਾਂ ਲਗਦਾ ਹੈ ਮੈਨੂੰ
ਪਰ ਉਸ ਦੇ ਬਿਨ ਰਹਿੰਦਾ ਹਾਂ
ਅਕਸਰ ਜੋ ਵੀ ਚਾਹੀਦਾ ਹੈ
ਸਭ ਆਪਣੇ ਕੋਲੋਂ ਹੀ ਪਾ ਲੈਂਦਾ ਹਾਂ
ਚਾਹੁੰਦਾ ਤਾਂ ਹਾਂ
ਉਹ ਸਾਹਮਣੇ ਆਵੇ
ਪਰ ਜੇ ਖਿਆਲ ਵੀ ਆਵੇ ਉਸ ਦਾ
ਆਪਣਾ ਆਪ ਲੁਕਾ ਲੈਂਦਾ ਹਾਂ
ਮੈਨੂੰ ਖੁਦ ਨੂੰ ਨਹੀਂ ਪਤਾ
ਮੈਂ ਇਸ ਤਰ੍ਹਾਂ ਕਿਉਂ ਕਰਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

ਮੈਂ ਇੱਥੇ ਜੋ ਵੀ ਲਿਖਾਂਗਾ
ਉਹ ਸੱਚ ਥੋੜ੍ਹਾ ਮੰਨਿਆ ਜਾਣਾ
ਸੱਚ ਦੀ ਆਦਤ ਨਹੀਂ ਹੈ
ਆਦਮ ਦੇ ਕੰਨਾਂ ਨੂੰ

ਇਸ ਲਈ ਇਸ ਸੱਚ ਨੂੰ
ਕੁਝ ਵੀ ਬਣਾ ਲਿਆ ਜਾਵੇਗਾ
ਮੇਰਾ ਹੰਕਾਰ ਮੰਨ ਲਿਆ ਜਾਵੇਗਾ
ਝੂਠ ਵਿੱਚ ਰੱਖ ਲਿਆ ਜਾਵੇਗਾ
ਜਾਂ ਬਕਵਾਸ ਸਮਝ ਲਿਆ ਜਾਵੇਗਾ

Scanned by CamScanner

ਪਰ ਸੱਚ ਤਾਂ ਸੱਚ ਹੈ
ਮੈਂ ਕੱਲ੍ਹ ਫੇਰ ਜ਼ਹਿਰ ਖਾਧਾ ਹੈ
ਕੱਲ੍ਹ ਨਾਲੋਂ ਅੱਜ ਘੱਟ ਹਾਂ
ਥੋੜ੍ਹਾ ਜਿਹਾ ਬਚ ਗਿਆ ਹਾਂ

ਅੱਗ ਵੀ ਕਦੀ ਮੈਲੀ ਹੋਈ ਹੈ ?
ਮੈਂ ਅੱਗ ਚੋਂ ਲੰਘ ਕੇ
ਏਥੇ ਤੱਕ ਆਇਆ ਹਾਂ
ਜਿਹੜੀ ਅੰਦਰ ਬਲਦੀ ਹੈ
ਪਰ ਇਹ ਇਸ਼ਕ ਦੀ ਨਹੀਂ ਸੀ
ਮਨੁੱਖ ਹਰ ਗੱਲ ਨੂੰ ਇਸ਼ਕ ਨਾਲ
ਪਿਆਰ ਮੁਹੱਬਤ ਨਾਲ ਸਹਿਜੇ ਹੀ ਜੋੜ ਲੈਂਦਾ ਹੈ
ਪਰ ਤਕਲੀਫ਼ ਦੀਆਂ ਦੁੱਖ ਦੀਆਂ
ਅਣਗਿਣਤ ਕਿਸਮਾਂ ਹਨ

ਮੇਰੇ ਕੋਲ ਅਲੱਗ ਤਰ੍ਹਾਂ ਦੀਆਂ ਮੁਸ਼ਕਿਲਾਂ ਹਨ
ਇਹ ਘੜੀ
ਉਹਨਾਂ ਘੜੀਆਂ ਦੇ ਸਨਮੁੱਖ ਹੋਣ ਦੀ ਸੀ
ਜਿਹੜੀਆਂ ਸਾਨੂੰ
ਕਹਿਣ ਲਈ ਆਖਦੀਆਂ ਹਨ

ਮੈਂ ਮਰਿਆ ਹੋਇਆ ਆਦਮੀ ਨਹੀਂ ਹਾਂ
ਪਰ ਮੈਨੂੰ ਜਿਉਂਦਿਆਂ ਵਿੱਚ ਵੀ ਨਾ ਗਿਣਨਾ
ਮੈਂ ਤੁਹਾਡੇ ਸਮਝ ਨਹੀਂ ਆਵਾਂਗਾ
ਮੈਨੂੰ ਮੇਰੇ ਵਰਗਾ ਰਹਿਣ ਦੇਣਾ

ਮੈਨੂੰ ਉਹਨਾਂ ਗਲਤੀਆਂ ਲਈ ਵੀ ਮੁਆਫ਼ ਕਰਨਾ
ਜਿਹੜੀਆਂ ਮੈਂ ਕੀਤੀਆਂ ਹੀ ਨਹੀਂ
ਉਹ ਵੀ ਹੋਈਆਂ ਤਾਂ ਹਨ
ਕਿਸੇ ਨੂੰ ਤਕਲੀਫ਼ ਤਾਂ ਹੋਈ ਹੋਣੀ

ਅਸੀਂ ਸਾਰਿਆਂ ਲਈ ਤਾਂ ਕੁਝ ਕਰ ਨਹੀਂ ਸਕਦੇ

ਮਰ ਗਿਆ ਦੇ ਨਾਲ ਮਰ ਨਹੀਂ ਸਕਦੇ
ਪਰ ਹਰ ਕਿਸੇ ਦੀ ਤਕਲੀਫ਼ ਨੂੰ
ਮੈਂ ਬੜੀ ਔਖ ਨਾਲ ਜਰਦਾ ਹਾਂ

ਉਂਝ ਤਾਂ ਮੈਂ ਵੀ ਥੋੜੇ ਵਰਗਾ ਹਾਂ

ਹੋ ਸਕਦਾ ਹੈ ਕਵਿਤਾ ਲਿਖਣ ਦੇ ਕਈ ਕਾਰਨ ਹੋਵਣ
ਹੋ ਸਕਦਾ ਹੈ, ਲਿਖਣਾ ਸਿੱਖਣ ਦੇ
ਕਈ ਸਾਧਨ ਹੋਵਣ
ਮੈਂ ਬਹੁਤ ਕੁਝ ਨਹੀਂ ਜਾਣਦਾ
ਬਸ ਆਪਣੇ ਆਪ ਨੂੰ ਪਚਿਚਾਣਦਾ ਹਾਂ
ਜੇ ਇੱਕ ਆਦਮੀ ਮੇਰੇ ਵਾਂਗ ਪੂਰੇ ਪੰਦਰਾਂ ਸਾਲ
ਰੋਜ਼ ਸਿਰਫ਼ ਇੱਕ ਰੋਟੀ ਜਿੰਨੀ ਖੁਰਾਕ 'ਤੇ
ਜਿਉਂਦਾ ਰਹਿ ਸਕਦਾ ਹੈ
ਤਾਂ ਉਹ ਦੁਨੀਆਂ ਦੀਆਂ ਮੂਰਖਤਾਈਆਂ ਤੋਂ ਵੀ
ਚੁੱਪ-ਚਾਪ ਕਾਫ਼ੀ ਸਿੱਖਿਆ ਲੈ ਸਕਦਾ ਹੈ
ਮੈਂ ਤਾਂ ਸਬਰ ਸਿਦਕ ਤੇ ਸਿਰੜ ਨੂੰ ਜਾਣਦਾ ਹਾਂ
ਮੈਂ ਅੱਧੀ ਉਮਰ ਤੱਕ ਉਸ ਦੀ
ਤੇ ਕਵਿਤਾ ਦੀ ਉਡੀਕ ਕੀਤੀ ਹੈ
ਉਡੀਕ ਦੀ ਕੁੜੱਤਣ ਚੰਗੀ ਤਰ੍ਹਾਂ ਚੱਖੀ ਹੈ
ਉਸ ਨੂੰ ਵੇਖਿਆ ਤੇ
ਪੂਰੇ ਤੇਈ ਸਾਲ ਜ਼ੁਬਾਨ ਬੰਦ ਰੱਖੀ ਹੈ
ਮੇਰੀ ਬੁੱਧੀ ਬੜੀ ਭੁੱਖੀ ਹੈ
ਉਸ ਨੇ ਮੇਰਾ ਮਨ ਖਾ ਲਿਆ ਹੈ
ਤੁਹਾਡੀਆਂ ਦਸ ਕਿਤਾਬਾਂ ਨੂੰ ਮੈਂ
ਦਸ ਲਾਈਨਾਂ ਵਿੱਚ ਕਹਿ ਸਕਦਾ ਹਾਂ
ਬਿਨਾਂ ਕਿਸੇ ਤਕਲੀਫ਼ ਦੇ
ਸਾਲਾਂ ਬੱਧੀ ਚੁੱਪ ਰਹਿ ਸਕਦਾ ਹਾਂ
ਮੈਨੂੰ ਬਹੁਤ ਕੁਝ ਨਹੀਂ ਪਤਾ
ਬਸ ਏਸੇ ਤਰ੍ਹਾਂ ਦੀਆਂ ਗੱਲਾਂ ਕਰਦਾ ਹਾਂ

ਉਂਝ ਤਾਂ ਮੈਂ ਵੀ ਥੋਡੇ ਵਰਗਾ ਹਾਂ

Scanned by CamScanner

ਸ਼ਕਾਇਤ

ਕਈ ਵਾਰ ਜ਼ਿਸ਼ਤਿਆਂ ਦੇ ਹਿੱਸੇ
ਇਸ ਤਰ੍ਹਾਂ ਦਾ ਦਰਦ ਵੀ ਆਉਂਦਾ ਹੈ
ਆਪਣੀ ਹੀ ਰੂਹ ਦਾ ਹਿੱਸਾ ਜਦੋਂ ਕੋਈ
ਬੇਗਾਨਿਆਂ ਵਾਂਗ ਮਿਲਦਾ ਹੈ
ਗੈਰਾਂ ਵਾਂਗ ਗੱਲ ਕਰਦਾ ਹੈ
ਅਜਨਬੀਆਂ ਵਾਂਗ
ਹਲਕਾ ਜਿਹਾ ਮੁਸਕਰਾ ਦਿੰਦਾ ਹੈ
ਤੇ ਸਾਡੇ ਅੰਦਰ
ਅਪਣੱਤ ਵਰਗਾ ਕੁਝ
ਮੁਹੱਬਤ ਬਣ ਕੇ ਮਰ ਜਾਂਦਾ ਹੈ

ਮੰਨਤਾ

ਤੂੰ ਝੂਠ ਬੋਲ ਦੇਵੀਂ
ਮੈਂ ਵਿਸ਼ਵਾਸ਼ ਕਰ ਲੈਣਾ
ਹੋਰ ਮੁਹੱਬਤ ਕੀ ਹੁੰਦੀ ਹੈ

ਆਵਾ-ਗਵਣ

ਮੈਂ ਏਧਰ ਨਹੀਂ ਆਵਾਂਗਾ
ਮੈਂ ਨਹੀਂ ਸੀ ਕਿਹਾ
ਮੇਰੀ ਚੇਤਨਾ ਨੇ ਲਿਖਿਆ ਹੋਵੇਗਾ ਸ਼ਾਇਦ

ਜਿਸ ਨੇ ਉਮਰਾਂ ਤੱਕ
ਇੱਕ ਉਡੀਕ ਤਪੱਸਿਆ ਵਾਂਗ ਕੀਤੀ ਹੈ

ਮੈਂ ਤਾਂ ਨਲਾਇਕ ਜਿਹਾ ਆਦਮੀ ਹਾਂ
ਰੋਜ਼ ਤੇਰੇ ਵੱਲ ਪਰਤ ਆਉਂਦਾ ਹਾਂ
ਆਪਣੇ ਨਿੱਕ-ਸੁੱਕ ਸਮੇਤ

ਰੁੱਤ-ਕਰੁੱਤ

ਉਹ ਆਖਦੀ ਹੈ
ਮੌਸਮ ਬਦਲ ਗਿਆ ਹੈ
ਹੁਣ ਦਿਨੇਂ ਨਾ ਸੋਇਆ ਕਰ

ਰੁੱਤਾਂ ਤਾਂ ਬਾਹਰ ਬਦਲਦੀਆਂ ਹਨ
ਅੰਦਰ ਇੱਕ ਮੌਸਮ ਹੈ
ਵਰ੍ਹਿਆਂ ਤੋਂ ਬਦਲਿਆ ਹੀ ਨਹੀਂ
ਓਥੇ ਤਾਂ ਕੁਝ ਨਾ ਕੁਝ
ਬਰਸਦਾ ਹੀ ਰਹਿੰਦਾ ਹੈ

ਖੜਕੇ ਦੇ ਆਰ-ਪਾਰ

ਝੁਭਕ ਜਾਂਦੇ ਨੇ ਲੋਕ
ਕੋਈ ਵੀ ਖੜਾਕ ਸੁਣਦਿਆਂ
ਕੰਨਾਂ ਵਿੱਚ
ਦੇ ਲੈਂਦੇ ਨੇ ਉਂਗਲਾਂ

ਤੇ ਇੱਕ ਮੈਂ ਹਾਂ
ਤੇਰੀ ਚੁੱਪ ਤੋਂ ਡਰਦਾ ਹਾਂ

ਲੁਕਵੀਂ-ਗੱਲ

ਦੁੱਖ ਤਾਂ ਸਭ ਦੇ ਕੋਲ ਹੀ ਹੁੰਦਾ ਹੈ
ਆਪਣਾ ਆਪਣਾ
ਮੁਹੱਬਤ ਹਰ ਕਿਸੇ ਕੋਲ ਨਹੀਂ ਹੁੰਦੀ

ਪਰ ਚਾਹੀਦੀ ਸਭ ਨੂੰ ਹੈ

Scanned by CamScanner

ਸਹੂਲਤ

ਇਕੱਲੇ ਬੈਠ ਸਕਣਾ
ਕਿੱਡੀ ਨਿਆਮਤ ਹੈ
ਇਕੱਲੇ ਬੈਠ ਕੇ ਰੋਣਾ
ਕਿੰਨਾ ਸੌਖਾ ਹੋ ਜਾਂਦਾ
ਹਨਾ ?

ਕਬੂਲਨਾਮਾ

ਉਹ ਆਖਦੀ ਹੈ
ਆ ਗੱਲਾਂ ਬਾਤਾਂ ਕਰੀਏ
ਪਰ, ਗੱਲਾਂ ਹੁਣ ਖਤਮ ਹੋ ਗਈਆਂ ਨੇ
ਤੇ ਬਾਤਾਂ
ਬਾਤਾਂ ਹੁਣ ਚੰਗੀਆਂ ਨਹੀਂ ਲਗਦੀਆਂ
ਅਸੀਂ ਬੱਚੇ ਨਹੀਂ ਰਹੇ ਹੁਣ

ਖਾਲੀ-ਹੱਥ

ਕਿੰਨਾ ਔਖਾ ਹੈ ਕਿਸੇ ਦੇ ਸਾਹਮਣੇ
ਤੇਰਾ ਨਾਂ ਲੈਣਾ
ਮੈਂ ਕਦੇ ਨਹੀਂ ਜਾਂਦਾ ਕਿਸੇ ਇਕੱਠ ਵਿੱਚ
ਕਵਿਤਾ ਪੜ੍ਹਨ
ਇਹ ਸਾਰੀ ਕਵਿਤਾ ਤੇਰੀ ਹੈ

ਸੋਚਿਆ ਸੀ ਜਾਵਾਂਗਾ ਕਦੇ
ਜਦੋਂ ਮੇਰੇ ਕੋਲ ਮੇਰੀ ਕਵਿਤਾ ਹੋਈ

ਪਰ ਸੱਚ ਇਹ ਹੈ
ਕਿ ਸਾਡੇ ਕੋਲ ਸਾਡਾ ਕੁਝ ਵੀ ਨਹੀਂ ਹੁੰਦਾ

ਤੈਨੂੰ ਵੀ

ਲੋਕ ਮੇਰੇ ਕੋਲ ਆਉਂਦੇ ਹਨ
ਚਲੇ ਜਾਂਦੇ ਹਨ
ਉਹਨਾਂ ਨੂੰ ਨਹੀਂ ਪਤਾ
ਮੈਂ ਤੇਰੇ ਕੋਲ ਹਾਂ

ਪਰ ਅਫ਼ਸੋਸ
ਇਹ ਤਾਂ ਤੈਨੂੰ ਵੀ ਨਹੀਂ ਪਤਾ

ਅਜਨਬੀ

ਪਤਾ ਨਹੀਂ
ਇਸ ਤਰ੍ਹਾਂ ਕਿਉਂ ਲਗਦਾ ਹੈ
ਤੇਰੇ ਅੰਦਰ
ਜਿਸ ਨੂੰ ਮੈਂ ਜਾਣਦਾ ਹਾਂ
ਤੂੰ ਵੀ ਨਹੀਂ ਜਾਣਦੀ
ਤੇ ਹਰ ਵਾਰ ਆਪਾਂ ਇੱਕ ਦੂਜੇ ਨੂੰ
ਓਪਰੇ ਜਿਹੇ ਹੋ ਕੇ ਮਿਲਦੇ ਹਾਂ

Scanned by CamScanner

ਕਮਲੀ, ਕਾਰਾਂ, ਟ੍ਰੈਫਿਕ ਤੇ ਕੁੱਤੇ

ਉਹ ਕਮਲੀ ਹੈ
ਕਾਫ਼ੀ ਸੋਹਣੀ ਵੀ ਹੈ
ਜਿੰਨੀ ਕੁ ਕੋਈ ਆਮ ਔਰਤ ਹੋ ਸਕਦੀ ਹੈ
ਲੋਕ ਕਮਲੀ ਸਮਝਦੇ ਹਨ
ਪਰ ਮੈਂ ਇਹ ਨਹੀਂ ਸਮਝਦਾ
ਉਹ ਸਿੱਧਰੀ ਹੈ
ਜਿਵੇਂ ਕਈ ਲੋਕ ਬੁਰੇ ਨਹੀਂ ਹੁੰਦੇ
ਅਸੀਂ ਉਹਨਾਂ ਨੂੰ ਬੁਰੇ ਮੰਨ ਲੈਂਦੇ ਹਾਂ
ਦਰਅਸਲ ਉਹ ਮੂਰਖ ਹੁੰਦੇ ਹਨ

ਇਸ ਕਮਲੀ ਨੂੰ ਵੇਖਦਾ ਰਿਹਾ ਹਾਂ ਮੈਂ
ਬਹੁਤ ਸਾਲਾਂ ਤੋਂ
ਸਟੇਸ਼ਨ ਤੇ
ਕਦੇ ਕਦੇ ਰੋਜ਼ਗਾਰਡਨ ਕੋਲ
ਘੁੰਮਦੀ ਰਹਿੰਦੀ ਹੈ ਇੱਧਰ-ਓਧਰ
ਸੋਹਣਾ ਕੱਦ-ਕਾਠ ਹੈ
ਬਣਦਾ ਠਣਦਾ ਸਰੀਰ ਹੈ
ਕੋਈ ਵੀ ਆਮ ਮਨੁੱਖ ਜਿਸ ਨੂੰ ਲੋੜ ਹੋਵੇ
ਇਸ ਨੂੰ ਵੇਖਦਿਆਂ
ਇਸ ਵੱਲ ਆਕਰਸ਼ਤ ਹੋ ਸਕਦਾ ਹੈ
ਦੇਹ ਕਾਫ਼ੀ ਚੰਗੀ ਹੈ
ਬਸ ਰੰਗ ਪੱਕਾ ਹੈ

ਕਦੇ ਪੈਂਟ ਸ਼ਰਟ ਪਾ ਕੇ ਵੀ ਘੁੰਮਦੀ ਹੈ
ਕਦੇ ਸੂਟ ਸਲਵਾਰ
ਚੁੰਨੀ ਬਾਰੇ ਉਸ ਨੂੰ ਪਤਾ ਨਹੀਂ ਹੈ
ਜੇ ਕੋਈ ਦੇ ਜਾਵੇ
ਸਿਰ 'ਤੇ ਬੰਨ ਲੈਂਦੀ ਹੈ

ਵਾਲ ਹਮੇਸ਼ਾ ਖਿੱਲਰੇ ਰਹਿੰਦੇ ਹਨ
ਸਹਾਰਾ ਵਾਲੇ ਜਿਹੜਾ ਕੱਪੜਾ ਪਾ ਜਾਣ
ਬਸ ਠੀਕ ਹੈ
ਜੋ ਵੀ ਕੋਈ ਕੁਝ ਦੇ ਜਾਵੇ
ਖਾ ਲੈਂਦੀ ਹੈ

ਸਟੇਸ਼ਨ 'ਤੇ ਚਲੀ ਜਾਂਦੀ ਹੈ
ਸ਼ਾਮ ਨੂੰ ਕਈ ਵਾਰ
ਉੱਥੇ ਕੁਝ ਸਾਧ ਕਿਸਮ ਦੇ ਲੋਕ ਹੁੰਦੇ ਹਨ
ਸੁਲਫ਼ਾ ਪੀਣੇ
ਉਹ ਸਾਧ ਨਹੀਂ ਹਨ, ਬਸ ਦਿਸਦੇ ਹਨ
ਉਹ ਉਹਨਾਂ ਕੋਲ ਸੌਂ ਜਾਂਦੀ ਹੈ
ਤੇ ਕਈ ਵਾਰ
ਸਾਧ ਉਸ ਨਾਲ ਜ਼ਰੂਰ ਸੌਂਦੇ ਹੋਣਗੇ

ਮੈਂ ਉਸ ਨੂੰ ਕਈ ਵਾਰ ਗਰਭਵਤੀ ਵੇਖਿਆ ਹੈ
ਉਸ ਦਾ ਬੱਚਾ ਪਤਾ ਨਹੀਂ ਕੌਣ ਕਦੋਂ
ਕਿੱਥੇ ਲੈ ਜਾਂਦਾ ਹੋਵੇਗਾ
ਹਮੇਸ਼ਾ ਇਕੱਲੀ ਹੀ ਮਿਲਦੀ ਹੈ
ਮੈਂ ਉਸ ਦੀ ਤਕਲੀਫ਼ ਬਾਰੇ ਸੋਚਦਾ ਹਾਂ
ਮਾਂ ਹੋਣ 'ਚ ਆਪਣੀ ਕਿਸਮ ਦੀ ਹੀ ਇੱਕ ਤਕਲੀਫ਼ ਹੈ
ਉਸ ਕੋਲ ਬੱਚਾ ਨਹੀਂ ਰਹਿਣ ਦਿੱਤਾ ਜਾਂਦਾ ਹੋਣਾ
ਪਰ ਦੁੱਧ ਨਾਲ ਭਰੀਆਂ ਛਾਤੀਆਂ
ਉਸ ਨੂੰ ਤੰਗ ਕਰਦੀਆਂ ਹੋਣਗੀਆਂ
ਪਤਾ ਨਹੀਂ ਉਹ ਇਸ ਦੁੱਖ ਬਾਰੇ ਕੀ ਸੋਚਦੀ ਹੋਵੇਗੀ
ਉਸ ਨੂੰ ਨਹੀਂ ਪਤਾ ਹੋਣਾ
ਮਾਂ ਕੀ ਹੁੰਦੀ ਹੈ

ਉਸ ਦਾ ਕੋਈ ਧਰਮ ਨਹੀਂ ਹੈ
ਕਿਸੇ ਵੀ ਵੇਦ ਪੁਰਾਣ ਬਾਰੇ ਉਹ ਨਹੀਂ ਜਾਣਦੀ

Scanned by CamScanner

ਪਰ ਜਿਉਂਦੀ ਹੈ

ਉਹ ਕਮਲੀ ਹੈ
ਕਿਉਂਕਿ ਉਹ ਸਿਆਣੇ ਲੋਕਾਂ ਦੀ ਰੀਸ ਨਹੀਂ ਕਰ ਸਕਦੀ
ਉਹ ਦੰਗਿਆਂ ਦੀ ਯੋਜਨਾ ਨਹੀਂ ਬਣਾ ਸਕਦੀ
ਕਿਸੇ ਧਾਰਮਿਕ ਸਥਾਨ ਨੂੰ ਅੱਗ ਨਹੀਂ ਲਾ ਸਕਦੀ
ਉਹ ਨਹੀਂ ਸੋਚ ਸਕਦੀ ਕਿ ਚੀਜ਼ਾਂ ਵਿੱਚ ਮਿਲਾਵਟ ਕਰਕੇ
ਕਿਵੇਂ ਲੋਕਾਂ ਨੂੰ ਜ਼ਹਿਰ ਦੇਣਾ ਹੈ

ਕਿਵੇਂ ਸਕੂਲਾਂ ਨੂੰ ਚਕਲਿਆਂ ਵਿੱਚ ਬਦਲਣਾ ਹੈ
ਸਿੱਖਿਆ ਨੂੰ ਧੰਦਾ ਬਣਾਉਣਾ ਹੈ
ਕਿਵੇਂ ਟਾਈਆਂ ਤੇ ਸੈਂਟ ਲਾ ਕੇ ਲੋਕਾਂ ਨੂੰ ਲੁੱਟਣਾ ਹੈ

ਉਸ ਨੂੰ ਸਿਆਸਤ ਵਿੱਚ ਕੋਈ ਦਿਲਚਸਪੀ ਨਹੀਂ
ਟੀ.ਵੀ. ਚੈਨਲ ਬਾਰੇ ਉਸ ਨੂੰ ਨਹੀਂ ਪਤਾ
ਅਖ਼ਬਾਰ ਨਾਲ ਮੂੰਹ ਪੂੰਝ ਲੈਂਦੀ ਹੈ
ਤੁਹਾਡੇ ਕੰਮ ਦੀਆਂ ਸਾਰੀਆਂ ਚੀਜਾਂ
ਉਸ ਲਈ ਫਜ਼ੂਲ ਹਨ
ਉਹ ਤੁਹਾਡੇ ਲਈ ਫ਼ਜ਼ੂਲ ਹੈ

ਉਹ ਕਿੰਨੀ ਸਿਆਣੀ ਹੈ
ਮੈਨੂੰ ਪਤਾ ਹੈ
ਉਹ ਕਿਸੇ ਦਾ ਬੁਰਾ ਨਹੀਂ ਸੋਚਦੀ

ਮੈਨੂੰ ਲਗਦਾ ਹੈ
ਕੋਈ ਸਿਆਣਾ ਹੋਣਾ ਹੀ ਨਹੀਂ ਚਾਹੀਦਾ
ਬਹੁਤੇ ਵਾਰ ਸਿਆਣੇ ਲੋਕ ਬਹੁਤਾ ਕੁਝ ਨਹੀਂ ਕਰਦੇ
ਬਸ ਇੱਕ ਦੂਜੇ ਦਾ ਜਿਉਣਾ ਹਰਾਮ ਕਰਦੇ ਹਨ

ਸਟੇਸ਼ਨ 'ਤੇ ਕੁੱਤੇ ਵੀ ਘੁੰਮਦੇ ਰਹਿੰਦੇ ਹਨ

ਉਸ ਦੀ ਰੋਟੀ ਜ਼ਰੂਰ ਚੁੱਕ ਕੇ ਲੈਂ ਜਾਂਦੇ ਹੋਣਗੇ
ਉਹ ਮੂੰਹ ਵਿੱਚ ਬੁਰਕੀ ਪਾਈ
ਸਬਜ਼ੀ ਨਾਲ ਲਿੱਬੜੇ ਹੱਥ ਢਿੱਡ ਨਾਲ ਪੂੰਝਦੀ ਹੋਵੇਗੀ
ਤੇ ਚੁੱਪ ਚਾਪ
ਖਾਣਾ ਖੋਹਦੇ ਕੁੱਤਿਆਂ ਵੱਲ ਵੇਖਦੀ ਹੋਵੇਗੀ

ਹੋ ਸਕਦਾ ਕੁੱਤੇ ਸੋਚਦੇ ਹੋਣ
ਕਿ ਭੌਂਕਣਾ ਤੇ ਖੋਹਣਾ ਵੀ ਇੱਕ ਧਰਮ ਹੈ
ਪਰ ਕਈ ਬੰਦਿਆਂ ਦਾ ਵੀ
ਇੱਥੇ ਇਹੋ ਧਰਮ ਹੈ
ਇਹ ਬੰਦੇ ਨਾ ਤਾਂ ਬੰਦੇ ਹਨ
ਨਾ ਕੁੱਤੇ ਹਨ
ਇਹ ਕੁੱਤੇ ਬੰਦੇ ਹਨ

ਸਾਨੂੰ ਹੀ ਮੈਂ-ਮੈਂ ਚੜ੍ਹੀ ਰਹਿੰਦੀ ਹੈ
ਕੁਦਰਤ ਲਈ ਕੁੱਤੇ ਤੇ ਬੰਦੇ 'ਚ ਕੋਈ ਫ਼ਰਕ ਨਹੀਂ
ਸੜਕਾਂ 'ਤੇ ਅਕਸਰ ਮੈਂ ਵੇਖਦਾ ਹਾਂ
ਕਾਰਾਂ ਦੀ ਲਪੇਟ ਵਿੱਚ ਕੁੱਤੇ ਆਉਂਦੇ ਹਨ
ਆਦਮੀ ਵੀ ਆ ਜਾਂਦੇ ਹਨ
ਇੱਕੋ ਤਰ੍ਹਾਂ ਮਰ ਜਾਂਦੇ ਹਨ
ਬਸ ਸੜਕ 'ਤੇ ਥੋੜ੍ਹਾ ਜਿਹਾ ਖ਼ੂਨ ਵਗਦਾ ਹੈ
ਤੇ ਇਹ ਹਰ ਬੰਦੇ ਨੂੰ ਦੇਖਣਾ ਔਖਾ ਲਗਦਾ ਹੈ
'ਤੇ ਕੰਮ ਮੁੱਕ ਜਾਂਦਾ ਹੈ

ਕਮਲੀ ਲਈ ਟ੍ਰੈਫਿਕ ਕੋਈ ਸਮੱਸਿਆ ਨਹੀਂ
ਕਾਰਾਂ ਦੇ ਹਾਰਨ ਵੱਜਦੇ ਹਨ
ਪਾਂ -ਪਾਂ, ਪੀਂ -ਪੀਂ ਹੁੰਦੀ ਰਹਿੰਦੀ ਹੈ
ਉਹ ਸ਼ਾਂਤੀ ਨਾਲ ਕਾਰਾਂ ਦੇ ਵਿੱਚੋਂ
ਨੰਗੇ ਪੈਰੀਂ ਟ੍ਰੈਫਿਕ ਵਿੱਚੋਂ ਲੰਘਦੀ ਹੈ

Scanned by CamScanner

ਕਮਲੀ ਦਾ ਕੋਈ ਨਾਂ ਨਹੀਂ
ਚੰਗਾ ਹੁੰਦਾ ਜੇ ਉਸ ਦਾ ਨਾਮ ਮੈਨੂੰ ਪਤਾ ਹੁੰਦਾ
ਮੈਨੂੰ ਚੰਗਾ ਨਹੀਂ ਲਗਦਾ ਕਮਲੀ ਕਹਿਣਾ

ਉਹ ਆਪਣੇ ਆਪ ਨੂੰ ਇਕੱਲੀ ਮਹਿਸੂਸ ਨਹੀਂ ਕਰਦੀ ਹੋਣੀ
ਮੈਨੂੰ ਇਹੋ ਲਗਦਾ ਹੈ
ਬਹੁਤ ਵਾਰ ਸਵੇਰੇ ਸਵੇਰੇ ਵੇਖਦਾ ਹਾਂ
ਠੰਡੀ ਹਵਾ ਵਗ ਰਹੀ ਹੁੰਦੀ ਹੈ
ਦੋ ਸੜ੍ਹਕਾਂ ਦੇ ਵਿਚਕਾਰ ਉੱਚੀ ਫੁੱਟਪਾਥ 'ਤੇ
ਉਹ ਲੱਤ ਤੇ ਲੱਤ ਰੱਖ ਕੇ ਬੇਫ਼ਿਕਰ ਪਈ ਹੁੰਦੀ ਹੈ

ਇੱਥੇ ਸਿਆਣੇ ਲੋਕ ਕਿੰਨੇ ਇਕੱਲੇ ਹਨ
ਕਾਰਾਂ ਵਿੱਚ ਸਫ਼ਰ ਕਰਦੇ ਹਨ
ਆਪਣੇ ਨਾਲ ਕੱਪੜੇ ਜਾਂ ਫਾਈਬਰ ਦੇ ਬਣੇ
ਸੋਹਣੇ ਸੋਹਣੇ ਕੁੱਤੇ ਰੱਖਦੇ ਹਨ
ਅਰਬਾਂ ਮਨੁੱਖਾਂ ਦੇ ਹੁੰਦਿਆਂ
ਮਨੁੱਖ ਇਕੱਲਾ ਹੈ
ਕਿੰਨਾਂ ਝੱਲਾ ਹੈ

ਹੋ ਸਕਦਾ ਕਦੇ ਮੇਰੇ ਮਨ 'ਚ ਵਿਚਾਰ ਆਵੇ
ਕਮਲੀ ਦਾ ਵੀ ਕੋਈ ਘਰ ਹੋਵੇ
ਜਾਂ ਮੈਂ ਉਸ ਨੂੰ ਘਰ ਲੈ ਜਾਵਾਂ
ਫਿਰ ਲੋਕ ਕਹਿਣਗੇ
ਇਹ ਬੰਦਾ ਕਮਲਾ ਹੋ ਗਿਆ ਹੈ
ਮੈਂ ਤਾਂ ਸਿਆਣਾ ਹਾਂ
ਆਪਣੇ ਸਿਆਣੇ ਬਣੇ ਰਹਿਣ ਨੂੰ
ਮੈਨੂੰ ਕਮਲੇ ਹੋਣਾ ਪੈਣਾ ਹੈ
ਇੱਥੇ ਬਹੁਤ ਲੋਕ ਇਸੇ ਤਰ੍ਹਾਂ ਦੇ ਹਨ
ਜੋ ਸਿਆਣੇ ਹੋਣ ਦੀ ਲਾਲਸਾ ਵਿੱਚ ਕਮਲੇ ਬਣ ਬੈਠੇ ਹਨ
ਕਈ ਕਮੀਣੇ ਵੀ ਬਣ ਬੈਠੇ ਹਨ

ਕੀ ਕੁਝ ਦਰੜ ਕੇ
ਮਨੁੱਖ ਸਿਆਣਾ ਬਣਦਾ ਹੈ

ਲੋਕਾਂ ਦਾ ਸਿਆਣੇ ਹੋਣਾ ਕਿੰਨਾਂ ਅਣ-ਮਨੁੱਖੀ ਹੈ
ਸਿਆਣੇ ਅਸਲ 'ਚ ਥੋੜੇ ਜਿਹੇ ਲੋਕ ਹਨ
ਇਹ ਦੁਨੀਆਂ ਮੂਰਖਾਂ ਦੀ ਹੈ
ਪਰ ਇਹ ਹੋਰ ਗੱਲ ਹੈ ਕਿ ਮੂਰਖਾਂ ਨੇ
ਸਿਆਣਪ ਦੇ ਆਪਣੇ ਅਰਥ ਘੜ ਲਏ ਹਨ
ਮੈਂ ਸੋਚਦਾ ਹਾਂ
ਇਹਨਾਂ ਨੂੰ ਕਮਲੇ ਹੋਣਾ ਚਾਹੀਦਾ ਹੈ
ਉਹ ਸਿਆਣਿਆਂ ਤੋਂ ਕਾਫ਼ੀ ਚੰਗੇ ਹੁੰਦੇ ਹਨ
ਕੁਝ ਬੁੱਧੀ ਜੀਵੀ ਵੀ ਹਨ ਸਮਾਜ ਅੰਦਰ
ਤੁਹਾਨੂੰ ਗੱਲ ਬੁਰੀ ਲੱਗ ਸਕਦੀ ਹੈ
ਪਰ ਸੱਚ ਹੈ
ਇਹ ਬੁੱਧੀ ਜੀਵੀ ਕਮਲੀ ਤੋਂ ਨੀਵੇਂ ਹਨ
ਇਹ ਬੌਧਿਕ ਪਾਗਲ ਹਨ
ਪਾਗਲ ਹੋਣਾ ਕਮਲੇ ਹੋਣ ਤੋਂ ਖ਼ਤਰਨਾਕ ਅਵਸਥਾ ਹੈ

ਕਮਲੀਏ ਸਾਨੂੰ ਮੁਆਫ਼ ਕਰੀਂ
ਕਿਉਂਕਿ ਤੈਨੂੰ ਸਭ ਕਮਲੀ ਸਮਝਦੇ ਹਨ
ਜੋ ਠੀਕ ਨਹੀਂ ਹੈ
ਮੈਨੂੰ ਪਤਾ ਹੈ ਮੁਆਫ਼ ਕਰ ਦੇਣਾ ਤੂੰ
ਕੁੱਤਿਆਂ ਨੂੰ ਵੀ ਕਰ ਦਿੰਦੀ ਹੈ
ਤੇਰਾ ਖਾਣਾ ਤੱਕ ਖੋਹ ਲੈਂਦੇ ਨੇ
ਇਹ ਤਾਂ ਫੇਰ ਬੰਦੇ ਨੇ
ਉੱਤਮ ਜਾਤ
ਇਨ੍ਹਾਂ ਨੂੰ ਮੁਆਫ਼ ਕੀਤਾ ਜਾਣਾ ਹੀ ਬਣਦਾ ਹੈ
ਇਹੀ ਸੋਚ ਕੇ ਕਰ ਦੇਵੀਂ
ਇਹਨਾਂ ਨੂੰ ਸਮਝ ਨਹੀਂ ਹੈ
ਇਹ ਸਿਰਫ਼ ਸਿਆਣੇ ਹਨ
ਇਹ ਤੇਰੇ ਵਰਗੇ ਕਮਲੇ ਨਹੀਂ ਹਨ

Scanned by CamScanner

ਲਾਲਸਾ

ਏਨਾ ਹੌਸਲਾ ਕੀ ਘੱਟ ਹੈ
ਲੱਖ ਦੁਸ਼ਵਾਰੀਆਂ ਦੇ ਹੁੰਦਿਆਂ
ਹਜ਼ਾਰਾਂ ਦੁੱਖਾਂ ਦੇ ਹੁੰਦਿਆਂ ਵੀ
ਅਸੀਂ ਹੱਸਦੇ ਹਾਂ
ਤੈਨੂੰ ਯਾਦ ਰੱਖਦੇ ਹਾਂ

ਹਾਂ ਰਿਸ਼ਤਿਆਂ ਵਿੱਚ ਮਨੁੱਖ ਕਈ ਵਾਰ
ਏਨੇ ਛੋਟੇ ਨਹੀਂ ਹੁੰਦੇ
ਬਸ ਸਾਡੀਆਂ ਉਮੀਦਾਂ ਹੀ
ਬਹੁਤ ਵੱਡੀਆਂ ਹੋ ਜਾਂਦੀਆਂ ਹਨ

ਇੱਛਾ

ਤੁਸੀਂ ਕਵਿਤਾ ਤੇ ਮੁਹੱਬਤ ਨੂੰ ਬਣਾ ਦਿੱਤਾ ਹੈ
ਕੋਈ ਬਹੁਤ ਛੋਟੀ ਜਿਹੀ ਚੀਜ਼
ਇਹ ਕੁਝ ਛੋਟੀਆਂ ਮੋਟੀਆਂ ਚੀਜ਼ਾਂ
ਮੈਂ ਤੁਹਾਡੇ ਸਿਰ 'ਤੇ ਧਰਨਾ ਚਾਹੁੰਦਾ ਹਾਂ
ਮੈਂ ਤਾਂ ਬਸ
ਕੁਝ ਇਸ ਤਰ੍ਹਾਂ ਦਾ ਕਰਨਾ ਚਾਹੁੰਦਾ ਹਾਂ

ਗੱਲ ਧਰਮ ਦੀ ਕਰਨ ਤੋਂ ਪਹਿਲਾਂ
ਰੱਬ ਦੇ ਕੋਲੋਂ ਡਰਨ ਤੋਂ ਪਹਿਲਾਂ
ਤੁਹਾਡੇ ਛੋਟੇ ਜਿਹੇ ਦਿਲ ਵਿੱਚ
ਕੁਝ ਅਪਣੱਤ ਮੈਂ ਭਰਨਾ ਚਾਹੁੰਦਾ ਹਾਂ
ਮੈਂ ਤਾਂ ਬਸ
ਕੁਝ ਇਸ ਤਰ੍ਹਾਂ ਦਾ ਕਰਨਾ ਚਾਹੁੰਦਾ ਹਾਂ

ਬਦਲਾਅ

ਕਵਿਤਾ ਹੋਣ ਤੋਂ ਪਹਿਲਾਂ
ਮੇਰੇ ਸ਼ਬਦ
ਮੇਰੇ ਵਰਗੇ ਹੁੰਦੇ ਨੇ
ਬਿਲਕੁਲ ਬੇ-ਲਿਹਾਜ਼, ਰੁੱਖੇ, ਬਦਬਖ਼ਤ

ਕਵਿਤਾ ਹੁੰਦੇ ਹੀ
ਤੇਰੇ ਵਰਗੇ ਹੋ ਜਾਂਦੇ ਨੇ
ਜੀਅ ਕਰਦਾ ਹੈ
ਵਾਰ ਵਾਰ ਪੜ੍ਹਦੇ ਰਹੀਏ
ਉਮਰਾਂ ਤੱਕ

ਅਚੰਭਾ

ਕੁਝ ਲੋਕ
ਸੁਪਨਿਆਂ ਵਰਗੇ ਹੁੰਦੇ ਹਨ
ਪਤਾ ਹੀ ਨਹੀਂ ਲਗਦਾ
ਸੱਚ ਹਨ ਕਿ ਝੂਠ ਹਨ

ਪੁਸ਼ਤ ਦਰ ਪੁਸ਼ਤ

ਮੈਂ ਮੁਹੱਬਤ ਹਾਂ
ਹਰ ਦੇਹ ਤੇ ਉਤਰਦੀ ਰਹਾਂਗੀ
ਜਦੋਂ ਤੱਕ ਮਨੁੱਖ ਜੰਮਦੇ ਰਹਿਣੇ
ਤੁਸੀਂ ਮੇਰਾ ਗਲ ਘੁੱਟਦੇ ਰਹਿਣਾ
ਕਦੇ ਆਪਣੇ ਅੰਦਰ
ਕਦੇ ਬਾਹਰ

Scanned by CamScanner

ਭੇਤ

ਅਕਲ ਦਾ ਤਾਂ ਪਤਾ ਨਹੀਂ
ਕੀ ਹੁੰਦੀ ਹੈ
ਪਰ ਤੇਰੇ ਬਾਰੇ ਸੋਚੀ
ਹਰ ਗੱਲ ਸਿਆਣਪ ਲਗਦੀ ਹੈ

ਮੈਂ ਜਾਣਿਆ ਹੈ

ਮੇਰੀਆਂ ਸਾਰੀਆਂ ਕਵਿਤਾਵਾਂ
ਨਿਰਉੱਤਰ ਹੋ ਗਈਆਂ
ਜਦੋਂ ਉਸ ਨੇ ਕਿਹਾ
"ਮੈਂ ਤੈਨੂੰ ਪਿਆਰ ਕਰਦੀ ਹਾਂ
ਤੇ ਇਹ ਸਭ ਤੋਂ ਵੱਡੀ ਕਵਿਤਾ ਹੈ"

ਤੇ ਮੈਂ ਜਾਣਿਆ
ਸੱਚੀ ਸੁੱਚੀ ਅਪਣੱਤ
ਦੁਨੀਆਂ ਦੇ ਸਾਰੇ ਗਿਆਨ-ਧਿਆਨ
ਸਾਰੀਆਂ ਸਿਆਣਪਾਂ ਤੋਂ
ਬਹੁਤ ਵੱਡੀ ਹੁੰਦੀ ਹੈ
ਤੇ ਇਸੇ ਦੇ ਹੀ ਕਾਰਨ
ਦੁਨੀਆਂ ਦੀ ਹਰ ਮਾਂ ਪ੍ਰਮਾਤਮਾ ਹੈ

ਝਿਜਕ

ਪਤਾ ਭਾਵੇਂ ਉਸ ਨੂੰ ਵੀ ਹੈ
ਇਹ ਅਗਲੇ ਪਿਛਲੇ ਜਨਮ ਕੁਝ ਨਹੀਂ ਹੁੰਦੇ
ਪਰ ਕੁਝ ਬਦਲ ਗਿਆ ਹੈ
ਫਿਰ ਵੀ ਅੰਮ੍ਰਿਤਾ ਨੇ ਏਨੀ ਅਪਣੱਤ ਨਾਲ ਕਿਹਾ
"ਅਗਲੇ ਜਨਮ ਮੇਰਾ ਬਣ ਕੇ ਆਵੀਂ "
ਮੈਂ ਉਸ ਨੂੰ ਜਵਾਬ ਨਹੀਂ ਦੇ ਸਕਿਆ

ਆਪਣੇ ਆਪ ਵਿੱਚ

ਮੇਰੀ ਰੀਸ ਨਾ ਕਰਨਾ
ਮੈਂ ਤਾਂ ਖੜ੍ਹੇ ਪਾਣੀ ਵਿੱਚ
ਪੱਥਰ ਮਾਰਦਾ ਹਾਂ
ਬਣਦੀਆਂ, ਮਿਟਦੀਆਂ
ਤਰੰਗਾਂ ਵੇਖਦਾ ਹਾਂ
ਮੈਂ ਤਾਂ ਮੁਹੱਬਤ ਕਰਦਾ ਹਾਂ

ਭਰਮ

ਜਦੋਂ ਕੋਈ ਕਵੀ
ਕਵਿਤਾ ਤੋਂ
ਵੱਡਾ ਹੋਣ ਦੀ ਕੋਸ਼ਿਸ਼ ਕਰਦਾ ਹੈ
ਮਰ ਜਾਂਦਾ ਹੈ

ਸਾਡਾ ਸੱਚ

ਅਕਲਾਂ ਬਾਝੋਂ
ਖੂਹ ਖਾਲੀ
ਬਾਝ ਮੁਹੱਬਤ
ਰੂਹ ਖਾਲੀ
ਤੇਰੇ ਬਾਝੋਂ
ਮੈਂ ਖਾਲੀ
ਮੇਰੇ ਬਾਝੋਂ
ਤੂੰ ਖਾਲੀ

Scanned by CamScanner

ਸੰਖ-ਨਾਦ

ਤੇਰੇ ਬਿਨਾਂ
ਮੈਂ ਕਿੰਨਾਂ ਖਾਲੀ ਖਾਲੀ ਹੁੰਦਾ ਹਾਂ
ਕਿਸੇ ਧਾਰਮਿਕ ਸਥਲ ਵਾਂਗ
ਜਿੱਥੋਂ ਉਤਾਰ ਲਈਆਂ ਜਾਣ ਟੱਲੀਆਂ

ਜਾਂ ਬਨੇਰਿਆਂ ਤੇ ਪਏ ਦੀਵੇ
ਜਿਨ੍ਹਾਂ ਵਿੱਚੋਂ ਕਾਂ ਚੁੱਕ ਲੈ ਜਾਣ ਬੱਤੀਆਂ

ਭੁੱਲ-ਭੁਲੱਈਆ

ਮੁਹੱਬਤ ਕਰਨਾ
ਕਿਸੇ ਦੇ ਵਿੱਚੋਂ ਦੀ
ਆਪਣੇ ਆਪ ਨੂੰ ਮਿਲਣਾ ਹੈ

ਸੌਖਾ ਕੰਮ

ਲੋਕਾਂ ਨੂੰ ਕਰਨ ਦੇ ਬਹਿਸ
ਆਸਤਿਕਤਾ ਦੀ
ਨਾਸਤਿਕਤਾ ਦੀ
ਅਸੀਂ ਤਾਂ ਚੁੱਪ ਚਾਪ ਬੈਠ ਜਾਂਦੇ ਹਾਂ
ਅੱਖਾਂ ਬੰਦ ਕਰਦੇ ਹਾਂ
ਤੈਨੂੰ ਰੱਬ ਮੰਨ ਲੈਂਦੇ ਹਾਂ

ਅਲਵਿਦਾ ਕਹਿੰਦਿਆਂ

ਮੇਰੇ ਨਾਲ ਕੋਈ ਵੀ ਮੁਸ਼ਕਿਲ ਨਹੀਂ
ਬੜੀ ਸੌਖ ਹੈ
ਮੈਂ ਤਾਂ ਧੁੱਪ ਵਰਗਾ ਆਦਮੀ ਹਾਂ
ਹਵਾ ਵਰਗਾ
ਬਹੁਤਾ ਸੋਚਣ ਦੀ ਲੋੜ ਨਹੀਂ
ਬਸ ਬੰਦ ਕਰ ਲਵੀਂ
ਆਪਣੇ ਮਨ ਦੀਆਂ ਖਿੜਕੀਆਂ
ਮੈਂ ਓਥੇ ਨਹੀਂ ਆਵਾਂਗਾ
ਮੈਂ ਤੈਨੂੰ ਓਥੇ ਨਹੀਂ ਮਿਲਾਂਗਾ

ਭਾਲ-ਟੋਲ

ਮੈਂ ਸ਼ਬਦਾਂ ਚੋਂ ਤੈਨੂੰ ਲੱਭਦਿਆਂ
ਕਵਿਤਾ ਨੂੰ ਜਾ ਫੜ੍ਹਿਆ
ਤੇ ਆਪ ਗੁੰਮ ਗਿਆ

ਅਗਿਆਨ

ਮਨੁੱਖ ਨੂੰ ਬਿਲਕੁਲ ਵੀ ਪਤਾ ਨਹੀਂ ਲਗਦਾ
ਉਹ ਕਦੋਂ ਜੰਮ ਪਿਆ
ਕਦੋਂ ਰੋਣਾ, ਹੱਸਣਾ, ਬੋਲਣਾ, ਤੁਰਨਾ ਸਿੱਖ ਗਿਆ
ਕਦੋਂ ਪਿਆਰ ਵਿੱਚ ਪੈ ਗਿਆ
ਤੇ ਬਹੁਤੇ ਵਾਰ ਬਿਲਕੁਲ ਵੀ ਪਤਾ ਨਹੀਂ ਲਗਦਾ
ਉਹ ਕਦੋਂ ਮਰ ਗਿਆ
ਵੈਸੇ ਮਨੁੱਖ ਤੁਹਾਨੂੰ ਥਾਂ, ਥਾਂ ਕਹਿੰਦਾ ਮਿਲੇਗਾ
"ਮੈਨੂੰ ਬਹੁਤ ਕੁਝ ਪਤਾ ਹੈ"

Scanned by CamScanner

ਮਤਲਬਪ੍ਰਸਤੀ

ਬਹੁਤੇ ਰਿਸ਼ਤੇ ਮਰ ਜਾਂਦੇ ਨੇ
ਜਿਸਮ ਦੀ ਦਹਿਲੀਜ਼ 'ਤੇ
ਕੋਈ ਵਿਰਲਾ ਹੀ ਉੱਤਰਦਾ ਹੈ
ਮਨ ਮੰਦਰ ਦੀਆਂ ਪੌੜੀਆਂ

ਦੁਚਿੱਤੀ

ਮੈਂ ਤੈਨੂੰ ਪਿਆਰ ਕਰਾਂਗਾ
ਤਾਂ ਦੁਨੀਆਂ ਮੈਨੂੰ
ਮੁਆਫ਼ ਨਹੀਂ ਕਰੇਗੀ

ਜੇ ਨਹੀਂ ਕਰਾਂਗਾ
ਤਾਂ ਆਪਣੇ ਆਪ ਨੂੰ
ਮੁਆਫ਼ ਨਹੀਂ ਕਰ ਸਕਾਂਗਾ

ਦੁਨੀਆਂਦਾਰੀ

ਕੁਝ ਕਵਿਤਾਵਾਂ
ਕਦੇ ਵੀ ਨਹੀਂ ਲਿਖੀਆਂ ਜਾਂਦੀਆਂ
ਕੁਝ ਕਹਾਣੀਆਂ
ਸ਼ੁਰੂ ਹੋਣ ਤੋਂ ਪਹਿਲਾਂ ਹੀ
ਖਤਮ ਹੋ ਜਾਂਦੀਆਂ ਹਨ
ਕਈ ਘਰ
ਦਰਵਾਜ਼ੇ 'ਤੇ ਹੀ ਮੁੱਕ ਜਾਂਦੇ ਹਨ

ਸੁਪਨਿਆਂ ਦੇ ਕੋਲ

ਮੈਂ ਤਾਂ ਚਾਹਿਆ ਸੀ ਬਸ
ਤੇਰੇ ਬਰਾਬਰ ਦਾ ਹੋਣਾ
ਜ਼ਿੰਦਗੀ ਦੇ ਹਾਣ ਦਾ
ਤਾਂ ਜੋ ਸਾਡਾ ਮੇਲ ਬਣ ਸਕੇ ਕੋਈ

ਬਹੁਤ ਕੋਸ਼ਿਸ਼ਾਂ ਕਰਦਿਆਂ
ਵਰ੍ਹਿਆਂ ਬੱਧੀ ਧਿਆਨ, ਆਤਮ-ਮੰਥਨ
ਵੇਖ ਕਿੰਨਾ ਵੱਡਾ ਹੋ ਗਿਆ ਹਾਂ
ਦੇਹ ਤੇ ਮਾਸ ਤੱਕ ਨਹੀਂ ਰਿਹਾ
ਸਰੀਰ ਦੇ ਅਰਥ ਗੁੰਮ ਹਨ

ਦੁਨੀਆਂਦਾਰ ਲੋਕ ਬਹੁਤ ਛੋਟੇ ਲਗਦੇ ਹਨ
ਤੇਰੇ ਵਰਗੇ
ਤੂੰ ਮੈਨੂੰ ਏਨਾ ਵੱਡਾ ਕਿਉਂ ਬਣਾ ਦਿੱਤਾ
ਕਿ ਮੇਲ ਤਾਂ ਹੁਣ ਵੀ ਕੋਈ ਨਹੀਂ ਬਣਦਾ
ਕੁਝ ਤਾਂ ਮੇਰੇ ਬਰਾਬਰ ਦਾ ਹੋਵੇ

ਆਪੋ-ਆਪਣਾ ਕੰਮ

ਕੁਝ ਗੱਲਾਂ, ਕੁਝ ਰਿਸ਼ਤੇ
ਹੁੰਦੇ ਨੇ ਇਸ ਤਰ੍ਹਾਂ ਦੇ
ਜਿਨ੍ਹਾਂ 'ਤੇ ਸਿਰਫ਼
ਯਕੀਨ ਕੀਤਾ ਜਾ ਸਕਦਾ ਹੈ
ਉਨ੍ਹਾਂ ਦਾ ਵਿਸ਼ਵਾਸ਼ ਨਹੀਂ ਦੁਆਇਆ ਜਾ ਸਕਦਾ

Scanned by CamScanner

ਹਸ਼ਰ

ਕਿਤੇ ਕਿਤੇ ਸਕੂਨ ਹੁੰਦੀ ਹੈ
ਉਂਝ ਤਾਂ ਅੱਗ ਵਾਂਗ ਮੱਚਦੀ ਹੈ ਮੁਹੱਬਤ
ਕਿੰਨਾ ਕੁਝ ਸੜਦਾ-ਬਲਦਾ, ਸੁਆਹ ਹੁੰਦਾ ਹੈ
ਕਿੰਨੇ ਹੀ ਸੁਪਨੇ, ਰੀਝਾਂ, ਚਾਅ
ਅੰਗਿਆਰਾਂ 'ਤੇ ਧਰੇ ਜਾਂਦੇ ਹਨ

ਇੱਕ ਉਤਸਵ ਸ਼ੁਰੂ ਹੁੰਦਾ ਹੈ
ਮਰਿਯਾਦਾ ਦੀ ਅੱਗ ਬਲਦੀ ਹੈ
ਸੰਸਕਾਰਾਂ ਦੇ ਢੋਲ ਬਹੁਤ ਉੱਚੀ ਵੱਜਦੇ ਹਨ
ਤੇ ਇਸ ਸਾਰੇ ਸ਼ੋਰ ਵਿੱਚ ਪਤਾ ਹੀ ਨਹੀਂ ਲਗਦਾ
ਕਦੋਂ ਗੁੰਮ ਜਾਂਦਾ ਹੈ
ਮੁਹੱਬਤ ਦਾ ਗੀਤ

ਆਦਿ-ਅੰਤ

ਅੱਖਰ ਹੋਣ ਤੋਂ ਪਹਿਲਾਂ
ਮੈਂ ਮੇਰਾ ਸੀ

ਸ਼ਬਦ ਹੋਣ ਤੋਂ ਪਹਿਲਾਂ
ਮੈਂ ਤੇਰਾ ਸੀ

ਬੈੱਡਰੂਮ

ਪਤੀ ਪਤਨੀ ਇੱਕੋ ਕਮਰੇ ਵਿੱਚ
ਕਦੇ ਦੋਵੇਂ ਇਕੱਠੇ ਸੌਂਦੇ ਹਨ
ਪਰ ਕਦੇ ਕਦੇ
ਇਕੱਠੇ, ਪਰ ਅਲੱਗ-ਅਲੱਗ ਸੌਂਦੇ ਹਨ

ਇਹ ਸੌਣ ਦੀ ਜਗ੍ਹਾ ਹੈ
ਪਤੀ ਪਤਨੀ ਜਾਗ ਰਹੇ ਹਨ
ਛੋਟਾ ਬੱਚਾ ਸੌਂ ਰਿਹਾ ਹੈ
ਸੁੱਤੇ ਪਏ ਬੱਚੇ ਦਾ ਹੱਥ ਹਿਲਦਾ ਹੈ
ਪਤੀ-ਪਤਨੀ ਦੋਵੇਂ ਡਰ ਜਾਂਦੇ ਹਨ
ਉਹਨਾਂ ਦੇ ਅੰਦਰ ਕੁਝ ਤ੍ਰਭਕ ਜਾਂਦਾ ਹੈ
ਬੱਚਾ ਉੱਠ ਨਾ ਜਾਵੇ
ਪਤਨੀ ਬੱਚੇ ਨੂੰ ਆਪਣੇ ਹੱਥ ਨਾਲ ਪਲੋਸਦੀ ਹੈ
ਬੱਚੇ ਦੇ ਜਾਗ ਜਾਣ ਦਾ ਡਰ ਹੈ

ਮਰਿਯਾਦਾ ਟੁੱਟ ਸਕਦੀ ਹੈ
ਸੰਸਕਾਰਾਂ ਨੂੰ ਖ਼ਤਰਾ ਹੈ
ਸਾਡੀਆਂ ਬਹੁਤ ਵੱਡੀਆਂ ਮਰਿਯਾਦਾਵਾਂ
ਸਾਡੇ ਬਹੁਤ ਉੱਚੇ ਸੁੱਚੇ ਸੰਸਕਾਰ
ਇੱਕ ਸੁੱਤੇ ਪਏ ਬੱਚੇ ਤੋਂ ਡਰਦੇ ਹਨ
ਇਹ ਕਿੰਨੀ ਨਾਜ਼ੁਕ ਚੀਜ਼ ਹਨ

ਇਹ ਸੌਣ ਦਾ ਕਮਰਾ ਹੈ
ਇੱਥੋਂ ਮਨੁੱਖ ਬਣਨਾ ਸ਼ੁਰੂ ਹੁੰਦਾ ਹੈ
ਇੱਥੋਂ ਸਬੰਧਾਂ ਦੀ ਕਥਾ ਤੁਰਦੀ ਹੈ
ਇੱਥੋਂ ਖਾਨਦਾਨਾਂ ਦੀ ਨੀਂਹ ਰੱਖੀ ਜਾਂਦੀ ਹੈ
ਇਹ ਤਲਾਕ ਵਰਗੇ ਸ਼ਬਦ ਲਈ
ਸ਼ੁਰੂਆਤੀ ਥਾਂ ਹੈ

Scanned by CamScanner

ਇਹ ਬਨਾਵਟੀ ਮੁਹੱਬਤ ਲਈ
ਇੱਕ ਪ੍ਰਵਾਨਿਤ ਜਗ੍ਹਾ ਹੈ

ਹਰ ਥਾਂ 'ਤੇ ਹਰ ਚੀਜ਼ ਦੇ ਅਲੱਗ ਅਰਥ ਹਨ
ਇੱਕ ਬੱਚੀ ਹੈ
ਫਿਰ ਕੰਜਕ ਬਣਦੀ ਹੈ
ਜੇ ਸੂਹਾ ਚੂੜਾ ਪਾ ਕੇ ਦੇਹਲੀ ਟੱਪ ਜਾਵੇ
ਧੀ, ਨੂੰਹ ਵਿੱਚ ਬਦਲ ਜਾਂਦੀ ਹੈ
ਜੇ ਨੂੰਹ ਬੈਡਰੂਮ ਵਿੱਚੋਂ ਲੰਘਦੀ ਹੈ
ਪਤਨੀ ਬਣਦੀ ਹੈ
ਇੱਕ ਪਤਨੀ ਦਾ ਧਰਮ ਤੁਰਦਾ ਹੈ
ਔਰਤ ਮਾਂ ਬਣਦੀ ਹੈ
ਫਿਰ ਮਿੱਟੀ ਪ੍ਰਮਾਤਮਾ ਵਿੱਚ ਬਦਲਦੀ ਹੈ

ਫਿਰ ਛਾਤੀਆਂ ਦੇ ਅਰਥ ਦੁੱਧ ਵੀ ਹੁੰਦੇ ਹਨ
ਜੋ ਮਾਂ ਦੇ ਸੀਨੇ ਚੋਂ ਉੱਤਰਦਾ ਹੈ
ਜਿਸ ਨਾਲ ਧਰਤ 'ਤੇ ਸ਼ੁਰੂ ਹੁੰਦਾ ਹੈ
ਜ਼ਿੰਦਗੀ ਦਾ ਗੀਤ

ਬਹੁਤ ਕੁਝ ਹੈ
ਜੋ ਇਸ ਕਮਰੇ ਦੀਆਂ ਕੰਧਾਂ ਤੋਂ ਬਾਹਰ
ਨਜਾਇਜ਼ ਹੈ
ਇੱਥੇ ਜਾਇਜ਼ ਹੈ
ਇੱਥੇ ਕੱਪੜਿਆਂ ਦੇ ਕੋਈ ਅਰਥ ਨਹੀਂ ਹਨ
ਉਹਨਾਂ ਦੇ ਰੰਗ ਦਾ ਕੋਈ ਵੀ ਮਹੱਤਵ ਨਹੀਂ ਹੈ
ਇੱਧਰ-ਓਧਰ ਸੁੱਟ ਦਿੱਤੇ ਜਾਂਦੇ ਹਨ
ਫਿਰ ਲੱਭ ਲਏ ਜਾਂਦੇ ਹਨ

ਰਿਸ਼ਤਿਆਂ ਵਿਚਲੀ ਲੋੜ ਦੀ ਮਤਲਬਪ੍ਰਸਤੀ
ਇੱਥੇ ਬੜੀ ਛੇਤੀ ਉਜਾਗਰ ਹੁੰਦੀ ਹੈ

ਸਿਰ ਚੁੱਕ ਕੇ ਖੜ੍ਹ ਜਾਂਦੀ ਹੈ
ਸਵਾਰਥ ਲਲਕਾਰੇ ਮਾਰਦਾ ਹੈ
ਇੱਥੇ ਔਰਤਾਂ
ਕਈ ਮਰਦਾਂ ਦੇ ਬਰਾਬਰ ਦੀਆਂ ਹੋ ਜਾਂਦੀਆਂ ਹਨ
ਆਦਮੀ ਅਕਸਰ ਹੀ ਥੋੜ੍ਹੇ ਜਿਹੇ ਸਮੇਂ ਬਾਅਦ
ਅੱਧੇ ਰਹਿ ਜਾਂਦੇ ਹਨ

ਇਹ ਬੈੱਡਰੂਮ ਹੈ
ਕੋਈ ਗੱਲਬਾਤ ਇੱਥੇ ਬਕਵਾਸ ਨਹੀਂ ਹੁੰਦੀ
"ਅਸ਼ਲੀਲ"
ਇਹ ਸ਼ਬਦ ਇੱਥੇ ਵਰਤਣ ਲਈ ਨਹੀਂ ਹੈ
ਇਹ ਬਾਹਰੀ ਦੁਨੀਆਂ ਵਿੱਚ ਕੰਮ ਆਉਂਦਾ ਹੈ
ਸ਼ਰਮ ਨਾਲ ਇਸ ਜਗ੍ਹਾ ਦਾ
ਕੋਈ ਵੀ ਸਬੰਧ ਨਹੀਂ ਹੈ
ਢਕੇ ਹੋਣ, ਨੰਗੇ ਹੋਣ ਨਾਲ
ਕੋਈ ਵੀ ਵਾਸਤਾ ਨਹੀਂ ਹੈ

ਆਦਮੀ ਬੜੀ ਸਵਾਰਥੀ ਚੀਜ਼ ਹੈ
ਬਸ ਆਪਣਾ ਕੰਮ ਕਰਦਾ ਹੈ
ਬਸ
ਇਹ ਸ਼ਬਦ ਔਰਤਾਂ ਦੇ ਦਿਮਾਗ ਵਿੱਚ
ਅਕਸਰ ਇੱਥੋਂ ਹੀ ਪੈਦਾ ਹੁੰਦੇ ਹਨ

ਇਹ ਕੁਦਰਤ ਹੈ
ਇਸ ਨੂੰ ਬਦਲਿਆ ਨਹੀਂ ਜਾ ਸਕਦਾ
ਸਿਰਫ਼ ਸਵੀਕਾਰ ਕੀਤਾ ਜਾ ਸਕਦਾ ਹੈ
ਇਹੀ ਨਾ ਸਮਝੀ ਹੈ
ਜੋ ਸਾਨੂੰ ਬੇਲੋੜੀ ਸਿਆਣਪ ਨਾਲ ਭਰਦੀ ਹੈ
ਤੇ ਫਿਰ ਤਾਂ ਐਵੇਂ
ਊਟ-ਪਟਾਂਗ ਕੰਮ ਕਰਦੀ ਹੈ

Scanned by CamScanner

ਟੁੱਟੀ ਹੋਈ ਵਰਣਮਾਲਾ

ਤੇਰੇ ਕੋਲ ਨਹੀਂ ਹਨ
ਮੇਰੇ ਲਈ ਦੋ ਸ਼ਬਦ
ਤੇ ਮੈਂ ਬਿਖ਼ਰਦਾ ਰਿਹਾ ਹਾਂ ਉਮਰ ਸਾਰੀ
ਕੰਨੇ, ਟਿੱਪੀਆਂ, ਬਿੰਦੀਆਂ ਬਣ ਕੇ

ਉਮਰਾਂ ਤੱਕ

ਇੱਕ ਤਰਫ਼ਾ ਮੁਹੱਬਤ

ਜਿਵੇਂ ਖ਼ਤ ਲਿਖਿਆ ਹੋਵੇ ਕੋਈ
ਬੜੀਆਂ ਰੀਝਾਂ ਨਾਲ
ਉਮਰਾਂ ਤੱਕ ਜਾਗ ਕੇ

ਤੇ ਪਤਾ ਗੁੰਮ ਜਾਵੇ

ਸਾਥ

ਮੈਨੂੰ ਨਹੀਂ ਪਤਾ ਕਵਿਤਾ ਲਿਖਣਾ
ਕੋਈ ਦੋਸ਼ ਹੈ ਜਾਂ ਪ੍ਰਾਪਤੀ
ਮੈਂ ਤਾਂ ਬਸ
ਸ਼ਬਦਾਂ ਦਾ ਆਸਰਾ ਲੈਂਦਾ ਹਾਂ
ਤੇ ਤੁਰ ਪੈਂਦਾ ਹਾਂ
ਤੈਨੂੰ ਲੱਭਣ

ਸਥਿਤੀਆਂ

ਸ਼ਬਦ ਕਈ ਵਾਰ
ਬਰੂਦ ਵਰਗੀ ਚੀਜ਼ ਹੁੰਦੇ ਹਨ
ਸਿਰ 'ਤੇ ਫਟ ਜਾਂਦੇ ਹਨ

ਆਦਮੀ ਕਈ ਵਾਰ
ਬਹੁਤ ਨਾਜ਼ੁਕ ਹਾਲਤ ਵਿੱਚ ਹੁੰਦਾ ਹੈ
ਕਿਸੇ ਦਾ ਨਾਂ ਸੁਣ ਕੇ ਮਰ ਸਕਦਾ ਹੈ

ਗੱਲਬਾਤ

ਉਹ ਆਖਦੀ ਹੈ
ਮੈਂ ਓਥੇ ਵਸਣਾ ਚਾਹੁੰਦੀ
ਜਿੱਥੋਂ ਧੁਰੋਂ ਤੇਰੇ ਮਸਤਕ ਵੱਲ ਨੂੰ
ਅੱਖਰ ਤੁਰ ਕੇ ਆਉਂਦੇ
ਸ਼ਬਦਾਂ ਦਾ ਜਾਮਾ ਪਾਉਂਦੇ
ਕਵਿਤਾ ਹੋ ਰੂਪ ਵਟਾਉਂਦੇ
ਬਸ, ਏਹੀ ਦੱਸਣਾ ਚਾਹੁੰਦੀ

ਹਮਸ਼ਕਲ

ਇੱਕ ਚਾਂਭਲੀ ਹੋਈ ਅਵਾਜ ਸੁਣਦਾ ਹਾਂ
ਤੂੰ ਕਿਹਾ ਸੀ ਕਦੇ
"ਮੈਂ ਤੈਨੂੰ ਬਹੁਤ ਤੰਗ ਕਰਨਾ"

ਇਸੇ ਲਈ ਤਾਂ ਤੈਨੂੰ
ਆਪਣੀ ਜ਼ਿੰਦਗੀ ਆਖਦਾ ਹਾਂ
ਜ਼ਿੰਦਗੀ ਵੀ ਤਾਂ ਇਹੋ ਕਰਦੀ ਹੈ

Scanned by CamScanner

ਵੇਦਨਾ ਸੰਵੇਦਨਾ

ਉਹ ਆਖਦੀ ਹੈ
ਜ਼ਿੰਦਗੀ ਜੇ ਜ਼ਹਿਰ ਹੈ ਤਾਂ
ਆ ਰਲ ਮਿਲ ਕੇ ਖਾਈਏ
ਆ ਇੱਕ ਦੂਜੇ ਨੂੰ ਮਿਲੀਏ
ਚੁੰਮੀਏਂ 'ਤੇ ਮਰ ਜਾਈਏ

ਵੱਸੋਂ-ਬਾਹਰ

ਕੋਈ ਨਾ ਚਾਹੁੰਦਿਆਂ ਵੀ
ਕਿਸੇ ਦਾ ਹੋ ਜਾਂਦਾ ਹੈ
ਕੋਈ ਬਿਨਾ ਇਜ਼ਾਜਤ ਦੇ
ਕਿਸੇ ਨੂੰ ਆਪਣਾ ਮੰਨ ਲੈਂਦਾ ਹੈ
ਇਹੀ ਤਾਂ ਮੁਹੱਬਤ ਹੈ

ਕਵਿਤਾ ਤੇ ਸੱਚ

ਉਹ ਆਖਦੀ ਹੈ
ਕਵਿਤਾ ਨੰਗੀ ਆਉਂਦੀ ਹੈ, ਆਦਮ ਤੱਕ
ਸੱਚ ਵੀ ਹਮੇਸ਼ਾ ਇਸੇ ਤਰ੍ਹਾਂ ਹੀ

ਫਿਰ ਸ਼ਬਦਾਂ ਦਾ ਪਹਿਰਨ ਪਹਿਨਦੇ ਨੇ
ਚਲੇ ਜਾਂਦੇ ਨੇ, ਇੱਕ ਤੋਂ ਦੂਜੇ ਤੱਕ

ਉਹ ਆਖਦੀ ਹੈ
ਸ਼ਬਦਾਂ ਕੋਲ ਧਿਆਨ ਨਾਲ ਜਾਵੀਂ
ਕਵਿਤਾ ਕੋਲ ਵੀ
ਕਵਿਤਾ ਜਦੋਂ ਵੀ ਤੇਰੇ ਤੋਂ ਕਿਸੇ ਤੱਕ ਜਾਵੇ
ਇਸ ਦਾ ਸਿਰ ਢਕ ਕੇ ਤੋਰੀਂ
ਅਪਣੱਤ ਨਾਲ ਵਿਦਾ ਕਰੀਂ

ਤੈਨੂੰ ਪਤੈ ?
ਸ਼ਬਦਾਂ ਨੂੰ ਵੀ ਸ਼ਰਮ ਆਉਂਦੀ ਹੈ

ਮੇਲ-ਜੋਲ

ਉਹ ਆਖਦੀ ਹੈ
ਆਪਾਂ ਮਿਲੀਏ.....?

ਮੈਂ ਕਿਹਾ
ਆਪਾਂ ਤਾਂ ਮਿਲੇ ਹੀ ਹੋਏ ਹਾਂ

ਉਹ ਆਖਦੀ ਹੈ
ਜਾ.....ਵੇ.....!!!

Scanned by CamScanner

ਪਰਖ

ਮੁਹੱਬਤ ਕਰਨਾ
ਖੜ੍ਹੇ ਹੋ ਕੇ ਸੌਣਾ ਹੈ
ਤੇ ਇਹ ਸੌਖਾ ਨਹੀਂ ਹੁੰਦਾ

ਬੇਸ਼ਰਤ

ਬੈਠੇ ਬਿਠਾਏ ਵੀ
ਹੋ ਜਾਂਦਾ ਹੈ ਬਹੁਤ ਕੁਝ
ਹਾਦਸਿਆਂ ਲਈ ਜਰੂਰੀ ਨਹੀਂ ਹੁੰਦਾ
ਹਮੇਸ਼ਾ ਸਫਰ ਵਿੱਚ ਹੋਣਾ

ਮਾਪਦੰਡ

ਤੇਰੇ ਕੋਲ ਕੋਈ ਵੀ ਹੋ ਸਕਦਾ ਹੈ
ਕੋਈ ਛੋਟਾ
ਕੋਈ ਵੱਡਾ
ਪਰ ਤੇਰੇ ਕੋਲ ਕੋਈ ਵੀ
ਮੇਰੇ ਬਰਾਬਰ ਦਾ ਨਹੀਂ ਹੋ ਸਕਦਾ

ਪਰਦਾ ਦਾਰੀ

ਜਦੋਂ ਵੀ ਕਦੇ
ਅੱਖਾਂ ਪਾਣੀ ਨਾਲ ਭਰਦੀਆਂ ਹਨ
ਲੋਕ ਸੋਚਦੇ ਹਨ
ਇਸ ਨੇ ਕਵਿਤਾ ਲਿਖੀ ਹੋਣੀ-ਆਂ ਕੋਈ
ਇਸ ਨੇ ਕਵਿਤਾ ਪੜ੍ਹੀ ਹੋਣੀ-ਆਂ ਕੋਈ

ਮੈਂ ਤਾਂ ਤੈਨੂੰ ਲਿਖਦਾ ਹਾਂ
ਮੈਂ ਤਾਂ ਤੈਨੂੰ ਪੜ੍ਹਦਾ ਹਾਂ
ਅੱਖਾਂ ਬੰਦ ਕਰਕੇ ਬੈਠ ਜਾਂਦਾ ਹਾਂ
ਤੇਰੀ ਕਵਿਤਾ ਸੁਣਨ ਲਗਦਾ ਹਾਂ

ਕਾਵਿ-ਕਥਾ

ਕਵਿਤਾ ਨੂੰ ਲੋੜ ਨਹੀਂ ਹੁੰਦੀ
ਕਵੀਆਂ ਦੀ, ਸ਼ਾਇਰਾਂ ਦੀ
ਉਹ ਕਿਸੇ ਫ਼ਕੀਰ ਨੂੰ ਉਡੀਕਦੀ ਹੈ
ਜਿਵੇਂ ਸਾਊ ਕੁੜੀਆਂ ਕਰਦੀਆਂ ਨੇ
ਮੁਹੱਬਤ ਦਾ ਇੰਤਜ਼ਾਰ

ਕਵਿਤਾ ਉਡੀਕਦੀ ਹੈ
ਕਿ ਕੋਈ ਫ਼ਕੀਰ ਆਵੇ
ਉਸ ਦੇ ਸਿਰ 'ਤੇ ਹੱਥ ਧਰੇ
ਤੇ ਸ਼ਬਦਾਂ ਨੂੰ ਭਾਗ ਲੱਗਣ

Scanned by CamScanner

ਹਰ ਵਾਰ

ਜੰਮਣ-ਸਾਰ ਸਾਡੇ ਸਿਰ ਵਿੱਚ
ਦੁਨੀਆਂ ਭਰਨ ਲੱਗਦੀ ਹੈ
ਸਿੱਖਿਆਵਾਂ
ਆਚਾਰ-ਵਿਹਾਰ
ਹੱਦਾਂ-ਸਰਹੱਦਾਂ
ਹਿਸਾਬ -ਕਿਤਾਬ

ਤੇ ਮੈਂ ਹਾਂ
ਤੈਨੂੰ ਯਾਦ ਕਰਦੇ ਹੀ
ਖਾਲ਼ੀ ਹੋ ਜਾਂਦਾ ਹਾਂ
ਤੇਰੇ ਚਿਹਰੇ ਦਾ ਅਕਸ ਹੈ
ਜਿਸ 'ਤੇ ਲਿਖਿਆ ਹੈ
ਕਲੀਅਰ ਕਨਵਰਸੇਸ਼ਨ

ਤੇਰੇ ਮੇਰੇ ਬਿਨਾਂ

ਬਿਨਾਂ ਮੁਹੱਬਤ ਦੇ
ਮਨੁੱਖ ਸਿਰਫ਼ ਮਸ਼ੀਨ ਹੁੰਦਾ ਹੈ
ਬਿਨਾਂ ਅਪਣੱਤ ਦੇ
ਰਿਸ਼ਤੇ ਸਿਰਫ਼ ਸਬੰਧ ਹੁੰਦੇ ਹਨ
ਮੇਰੇ ਬਿਨਾਂ ਤੂੰ
ਸਿਰਫ਼ ਇੱਕ ਔਰਤ ਹੈਂ
ਮੈਂ ਸਿਰਫ਼ ਆਦਮੀ

ਬਿਨਾਂ ਇੱਕ ਦੂਜੇ ਦੇ ਹੁੰਦਿਆਂ
ਦੁਨੀਆਂ ਸਿਰਫ਼ ਸਰੀਰਾਂ ਦਾ ਜੰਗਲ ਹੈ
ਤੇ ਜੰਗਲ ਦੇ ਵਿੱਚ
ਬਾਸਾਂ ਦੇ ਆਪਸ ਵਿੱਚ ਘਸੜਦਿਆਂ
ਕਿਸੇ ਵੇਲੇ ਵੀ ਅੱਗ ਲੱਗ ਸਕਦੀ ਹੈ

ਊਈਂ-ਮੁੱਚੀ..

ਖਿਆਲ ਕੀਤਾ ਕਿ
ਤ੍ਰੁਭਕ ਨਾ ਜਾਵੇ
ਤੇਰੀ ਕੰਨਿਆ ਹੋਣ ਦੀ ਸ਼ਰਮ
ਟੁੱਟ ਨਾ ਜਾਵੇ
ਤੇਰਾ ਔਰਤ ਹੋਣ ਦਾ ਮਾਣ
ਸਲਾਮਤ ਰਹੇ
ਮੇਰੇ ਅਦਮੀ ਹੋਣ ਦੀ ਮਰਿਯਾਦਾ
ਤਪੱਸਿਆ ਵਾਂਗ ਕੀਤੀ ਹੈ ਮੁਹੱਬਤ
ਸਭ ਕੁਝ ਹੀ ਸੰਸਕਾਰਾਂ ਦੀ ਅੱਗ ਵਿੱਚ ਪਾ ਦਿੱਤਾ
ਅੰਦਰ ਕੋਈ ਹਵਨ ਚਲਦਾ ਹੈ
ਇਸ ਪਵਿੱਤਰਤਾ, ਅਪਵਿੱਤਰਤਾ ਦੀ ਕਥਾ ਵਿੱਚ

ਸਭ ਭਸਮ ਹੋਣ ਲਗਦਾ ਹੈ
ਊਈਂ -ਮੁੱਚੀ ਸ਼ਬਦ ਕਵਿਤਾ ਨਹੀਂ ਹੁੰਦੇ
ਐਵੇਂ ਕੌਣ ਕਵਿਤਾ ਲਿਖਦਾ ਹੈ

ਤਰੱਕੀ

ਸਾਰੀ ਉਮਰ ਬਣਾਉਂਦਾ ਰਿਹਾ ਹਾਂ
ਕਵਿਤਾ ਨੂੰ ਸਭ ਦੇ ਸਮਝ ਦੀ ਚੀਜ਼

ਤੇ ਆਪਣੇ ਆਪ ਨੂੰ
ਤੇਰੀ ਸਮਝ ਦਾ
ਹਾਲੇ ਤੱਕ ਨਹੀਂ ਬਣਾ ਸਕਿਆ

ਇਸ ਤਕਨੀਕ ਦੇ ਯੁੱਗ ਵਿੱਚ ਵੀ
ਆਦਮੀ ਕੀ ਕੁਝ ਨਹੀਂ ਜਾਣਦਾ
ਕਿੰਨਾਂ ਬੇਬਸ ਹੈ

Scanned by CamScanner

ਤੜਕਸਾਰ

ਸਵੇਰ ਦਾ ਸਮਾਂ ਹੈ
ਠੰਡੀ ਹਵਾ ਵਗਦੀ ਹੈ
ਦੂਰੋਂ ਸਟੇਸ਼ਨ ਤੋਂ ਰੇਲ ਗੱਡੀ ਦੀ ਕੂਕ ਸੁਣਦੀ ਹੈ
ਇੱਕ ਔਰਤ ਦੀ ਰਿਕਾਰਡ ਕੀਤੀ ਹੋਈ ਅਵਾਜ਼
ਯਾਤਰੀ ਕਿਰਪਾ ਧਿਆਨ ਦੇਣ.....

ਅੰਮ੍ਰਿਤ ਵੇਲਾ
ਮੈਂ ਤੈਨੂੰ ਯਾਦ ਕਰਨ ਲਗਦਾ ਹਾਂ

ਮਾਂ ਆਖਦੀ ਹੈ
"ਅੰਮ੍ਰਿਤ ਵੇਲੇ ਰੱਬ ਦਾ ਨਾਮ ਲਈਦਾ "

ਤੇ ਮੈਂ ਇਹੀ ਤਾਂ ਕਰਦਾ ਹਾਂ.....

ਜਨਮ ਕਥਾ

ਉਹ ਆਖਦੀ ਹੈ

ਆਖ ਖਾਂ ਵੇ
ਆਪਣੇ ਰੱਬ ਨੂੰ ਅੜਿਆ
ਅਸੀਂ ਫੇਰ ਤੋਂ ਜੰਮੀਏਂ

ਇਸ ਤਰ੍ਹਾਂ ਇੱਕ ਮਿੱਕ ਹੋ ਰਹੀਏ
ਤੂੰ ਲਫ਼ਜ਼ ਬਣੇਂ, ਮੈਂ ਕਵਿਤਾ
ਲਫ਼ਜ਼ਾਂ ਦੀ ਜੂਨੇ ਪਈਏ

ਸਮਰਪਣ

ਮੈਂ ਤਾਂ ਰੱਬ ਨੂੰ ਮੰਨਦਾ ਹਾਂ
ਪਤਾ ਕਿਉਂ ?
ਇੱਕ ਦਿਨ ਮੈਂ ਕਿਹਾ ਸੀ ਰੱਬ ਨੂੰ
ਮੇਰੇ ਹਿੱਸੇ ਦੀ ਸਾਰੀ ਖੁਸ਼ੀ
ਤੈਨੂੰ ਦੇ ਦੇਵੇ

ਤੇ ਸੱਚੀਂ ਉਸ ਤੋਂ ਬਾਅਦ
ਮੈਂ ਕਦੇ ਵੀ ਹੱਸਿਆ ਨਹੀਂ

Scanned by CamScanner

ਬਸ ਇੱਕੋ ਗੱਲ

ਜਿਸ ਦਿਨ ਅਸਲ ਸੁਹੱਪਣ ਦੀ
ਗੱਲ ਤੁਰੇਗੀ
ਛੋਹੀ ਜਾਵੇਗੀ
ਸੱਚੀ ਖ਼ੂਬਸੂਰਤੀ ਦੀ ਕਥਾ
ਤੇ ਤੈਨੂੰ ਸਮਝ ਆਵੇਗਾ
ਅਪਣੱਤ ਦਾ ਰਾਗ
ਇਸ ਦੁਨੀਆਂ ਵਿੱਚ ਤੇਰੇ ਲਈ
ਸਭ ਤੋਂ ਵੱਧ ਖ਼ੂਬਸੂਰਤ ਆਦਮੀ
ਮੈਂ ਹੋਵਾਂਗਾ

ਆਪਣੇ ਅੰਦਰ
ਤੈਨੂੰ ਸਾਬਤ ਬਾਬਤ ਰੱਖਦਿਆਂ
ਸੱਚੀ ਬਹੁਤ ਕੁਝ ਟੁੱਟਿਆ ਹੈ

ਟੁਕੜੇ, ਟੁਕੜੇ
ਬਹੁਤ ਕੁਝ ਬਿਖ਼ਰਿਆ ਹੈ
ਤਿਣਕਾ, ਤਿਣਕਾ
ਬਹੁਤ ਕੁਝ ਖਿਲਰਿਆ ਹੈ
ਤੀਲਾ, ਤੀਲਾ
ਬਹੁਤ ਕੁਝ ਡੁੱਬ ਗਿਆ ਹੈ
ਰੱਤੀ, ਰੱਤੀ
ਬਹੁਤ ਕੁਝ ਵੇਖਿਆ ਹੈ
ਇਹ ਸਭ ਵੇਖਦਿਆਂ
ਮੈਂ ਵੇਖਣਯੋਗ ਆਦਮੀ ਨਹੀਂ ਰਿਹਾ
ਤੇ ਹੁਣ ਬਸ ਇੱਕੋ ਗੱਲ ਕਹਿੰਦਾ ਹਾਂ
ਏਧਰ ਨਾ ਆਉਣਾ
ਏਧਰ ਮੈਂ ਰਹਿੰਦਾ ਹਾਂ

ਫੇਰ ਬਦਲ

ਕੀ ਕੁਝ ਨਹੀਂ ਰਿਹਾ
ਪਹਿਲਾਂ ਵਰਗਾ
ਚੰਗੀ ਹਵਾ, ਸਾਫ਼ ਪਾਣੀ

ਤੇ ਪੂਰੀ ਦੁਨੀਆਂ ਹੀ ਬਦਲ ਗਈ
ਜਦੋਂ ਤੋਂ
ਆਪਾਂ ਇੱਕ ਦੂਜੇ ਦੇ ਨਹੀਂ ਰਹੇ

ਬਣਦਿਆਂ -ਮਿਟਦਿਆਂ

ਤੇਰੇ ਲਈ ਬੜਾ ਸੌਖਾ ਹੈ
ਮੇਰੀ ਕੋਈ ਵੀ ਕਵਿਤਾ ਪੜ੍ਹਨਾ
ਤੈਨੂੰ ਨਹੀਂ ਪਤਾ ਕਿੰਨਾਂ ਔਖਾ ਹੈ
ਅੱਖਰ, ਅੱਖਰ ਹੋ ਕੇ ਬਿਖ਼ਰਨਾ
ਸ਼ਬਦ, ਸ਼ਬਦ ਹੋ ਕੇ ਜੁੜਨਾ
ਤੇ ਬਸ
ਕਵਿਤਾ ਬਣ ਕੇ ਸਿਮਟ ਜਾਣਾ

Scanned by CamScanner

ਕਵਿਤਾ ਦੇ ਘਰ ਦੂਰ

ਕਵਿਤਾ ਦੇ ਘਰ ਦੂਰ ਵੇ ਲੋਕਾ
ਕਵਿਤਾ ਦੇ ਘਰ ਦੂਰ

ਬਹੁਤੇ ਲੋਕ ਮੁਹੱਬਤ ਕਰਦੇ
ਬਹੁਤਿਆਂ ਚੜ੍ਹੇ ਸਰੂਰ ਵੇ ਲੋਕਾ
ਪਰ ਕਵਿਤਾ ਦੇ ਘਰ ਦੂਰ

ਨਸ਼ਾ ਇਹ ਅਵੱਲਾ ਹੈ
ਕਰਦਾ ਝੱਲਾ-ਵੱਲਾ ਹੈ
ਸ਼ਰਾਬੋਂ ਵੱਧ ਸਰੂਰ ਵੇ ਲੋਕਾ
ਕਵਿਤਾ ਦੇ ਘਰ ਦੂਰ

ਪਹਿਲ

ਤੇਰੇ ਰੰਗਾਂ ਦੇ ਵਿੱਚ
ਘੁਲ ਜਾਣਾ ਚਾਹੁੰਦਾ ਸੀ
ਮੈਂ ਸਾਰੇ ਦਾ ਸਾਰਾ
ਬਦਰੰਗ ਹੋਣ ਤੋਂ ਪਹਿਲਾਂ

ਮਿੱਟੀ ਫਰੋਲਦੇ ਯੋਗੀ

ਇੱਕ ਪੂਰੀ ਦੁਨੀਆਂ ਜਿਹੜੀ ਮੈਂ
ਤੇਰੇ ਲਈ ਛੱਡ ਆਇਆ ਸੀ
ਹੁਣ ਫਿਰ ਤੋਂ ਉਸ ਦੁਨੀਆਂ 'ਚੋਂ
ਕੁਝ ਤੇਰੇ ਵਰਗਾ ਲੱਭਦਾ ਰਹਿੰਦਾ ਹਾਂ

ਬੋਲ-ਕੁਬੋਲ

ਕਿੰਨਾ ਹੀ ਕੁਝ ਹੈ
ਕਹਿਣ ਨੂੰ
ਸੁਣਨ ਦੇ ਲਈ

ਤੇ ਇੱਕ ਮੈਂ ਹਾਂ
ਕਿ ਚੁੱਪ ਬੈਠਾ ਹਾਂ
ਤੇਰੀ ਰੀਸ ਕਰਦਾ ਹਾਂ

ਤੇਰੇ ਮੇਰੇ ਵੱਲ

ਮੈਂ ਤੇਰੇ ਤੱਕ ਆਉਂਦਾ ਹਾਂ
ਤੇਰੇ ਕੁਝ ਵੀ ਬੋਲਣ ਤੋਂ ਪਹਿਲਾਂ
ਮੇਰਾ ਮਨ ਮੈਨੂੰ ਆਖਦਾ ਹੈ
"ਵਾਪਸ ਚਲੇ ਜਾਓ"
ਮੈਨੂੰ ਤਾਂ ਪਤਾ ਹੀ ਨਹੀਂ ਲਗਦਾ
ਮੇਰਾ ਮਨ ਮੇਰੇ ਵੱਲ ਹੈ
ਜਾਂ ਤੇਰੇ ਵੱਲ

ਛੋਟਾ ਸਫ਼ਰ, ਵੱਡੀ ਦਾਸਤਾਨ

ਇੱਕ ਨਿੱਕੀ ਜਿਹੀ ਗਲੀ
ਇੱਕ ਛੋਟੇ ਜਿਹੇ ਘਰ ਤੱਕ ਜਾ ਕੇ
ਮੁੱਕ ਜਾਂਦੀ ਹੈ

ਤੇ ਮੈਂ ਤੇਰੇ ਤੱਕ

ਕੁਝ ਸਫ਼ਰ ਬਸ
ਬਸ ਏਨੇ ਕੁ ਹੀ ਹੁੰਦੇ ਹਨ

ਪਰ ਸਾਰੀ ਉਮਰ ਨਹੀਂ ਮੁੱਕਦੇ

Scanned by CamScanner

ਆਪਣੀ ਛਾਂ ਹੇਠ

ਮੈਂ, ਮੈਂ ਬਣਿਆ ਰਿਹਾ
ਤੂੰ, ਤੂੰ ਬਣੀਂ ਰਹੀ
ਅਸੀਂ ਮਿਲੇ ਹੀ ਕਦੋਂ ਹਾਂ ਇੱਕ ਦੂਜੇ ਨੂੰ
ਆਪਣਾ ਆਪ ਉਤਾਰ ਕੇ

ਭੁੱਲਦੀ ਹੋਈ ਕਵਿਤਾ

ਆਪਣੇ ਬਾਰੇ ਗੱਲ ਕਰਦਾ ਹਾਂ
ਹੰਕਾਰ ਦੀ ਬੂ ਆਉਂਦੀ ਹੈ

ਸ਼ਬਦਾਂ ਬਾਰੇ ਗੱਲ ਕਰਨਾ
ਸੂਰਜ ਨੂੰ ਫੜ੍ਹਨਾ ਹੈ

ਤੇਰੇ ਬਾਰੇ ਸੋਚਦਿਆਂ
ਸਭ ਪੂਜਾ ਵਰਗਾ ਹੋਣ ਲਗਦਾ ਹੈ

ਇੱਕ ਕਵਿਤਾ ਤੁਰਨ ਲਗਦੀ ਹੈ
ਆਪਣੇ ਹਿੱਸੇ ਦਾ ਮੌਨ

ਜੇ ਜੀਅ ਕੀਤਾ ਤਾਂ...

ਚੱਲ ਹਾਲੇ ਹੋਰ ਅੱਗੇ ਚੱਲ
ਹੋਰ ਗੂੜ੍ਹਾ ਹੋਣ ਦੇ ਉਮਰ ਦਾ ਹਨੇਰਾ
ਇੱਕ ਦਿਨ ਗੁੰਮ ਜਾਵੇਗਾ ਮੋਹ ਦਾ ਹਰ ਪਰਛਾਵਾਂ
ਰਿਸ਼ਤਿਆਂ ਦੇ ਅੰਧਕਾਰ ਵਿੱਚ
ਉੱਥੇ ਤੂੰ ਬਿਲਕੁਲ ਇਕੱਲੀ ਹੋਵੇਂਗੀ

ਫਿਰ ਤੈਨੂੰ ਯਾਦ ਆਵੇਗੀ
ਬਹੁਤ ਪਿੱਛੇ ਰਹਿ ਗਈ
ਜੁਗਨੂੰਆਂ ਨਾਲ ਭਰੀ ਧਰਤੀ
ਜਿੱਥੇ ਮੈਂ ਖੜ੍ਹਾ ਸਾਂ
ਮੈਂ ਅੱਜ ਵੀ ਓਥੇ ਹੀ ਖੜ੍ਹਾ ਹਾਂ
ਪਰ ਮੈਂ ਹੁਣ ਏਧਰ ਨਹੀਂ ਆਵਾਂਗਾ
ਤੇਰਾ ਜੀ ਕੀਤਾ ਤਾਂ ਮੁੜ ਆਵੀਂ

Scanned by CamScanner

ਵਾਸ਼ਬੇਸਨ

ਇਸ ਕੁੜੀ ਦਾ ਨਾਮ ਵੈਸੇ ਚੇਤਨਾ ਹੈ
ਸਹੁਰਿਆਂ ਨੇ ਇਸ ਦਾ ਨਾਮ
ਰੰਮੂ ਰੱਖ ਲਿਆ ਹੈ

ਇਸ ਨੂੰ ਆਪਣਾ ਨਾਮ ਬਹੁਤ ਪਿਆਰਾ ਸੀ
ਚੁੱਪ ਚਾਪ ਛੱਡ ਦਿੱਤਾ
ਜਿਵੇਂ ਘਰ ਛੱਡ ਆਈ
ਜਿਵੇਂ ਹੋਰ ਕਾਫ਼ੀ ਕੁਝ

ਅਜੀਬ ਸਮਾਜ ਦੇ ਅਜੀਬ ਸੰਸਕਾਰਾਂ ਨੂੰ
ਇਸੇ ਤਰ੍ਹਾਂ ਚੁੱਪ ਚਾਪ ਅਪਣਾ ਲਿਆ
ਸਹੁਰਿਆਂ ਵਿੱਚ ਰਿਵਾਜ਼ ਹੈ
ਵੀਣੀ 'ਤੇ ਘਰ ਵਾਲੇ ਦਾ ਨਾਮ ਲਿਖਿਆ ਗਿਆ
ਵਿਆਹ ਤੋਂ ਕਰੀਬ ਦੋ ਸਾਲ ਤੱਕ
ਘਰ ਦੇ ਬਾਹਰ ਦੀ ਜ਼ਮੀਨ ਨਹੀਂ ਵੇਖੀ
ਇਸ ਨੂੰ ਲਗਦਾ ਹੈ
ਘਰ ਦਾ ਵਿਹੜਾ ਇਸ ਨੂੰ ਖਾ ਜਾਵੇਗਾ

ਇਸ ਦੀ ਚੇਤਨਾ ਮਰ ਰਹੀ ਹੈ
ਇਸ ਨੂੰ ਪੇਂਟਿੰਗ ਦਾ ਸ਼ੌਂਕ ਸੀ
ਅੱਜ ਦੋ ਸਾਲ ਬਾਅਦ ਇਸ ਨੂੰ ਪਤਾ ਹੀ ਨਹੀਂ ਲੱਗਿਆ ਕਦੋਂ
ਇੱਕ ਪੈਨਸਲ ਨਾਲ
ਕੰਧ ਤੇ ਕੁਝ ਬਣਾ ਦਿੱਤਾ

ਘਰ ਵਾਲੇ ਨੇ ਲੁੱਚੀ ਗਾਲ ਕੱਢੀ
'ਤੇ ਕੰਧ ਸਾਫ਼ ਕਰਨ ਲਈ ਕਿਹਾ

ਰੰਮੂ ਦੀ ਚੇਤਨਾ ਨੂੰ ਕਈ ਗੱਲਾਂ
ਦਿਨ ਰਾਤ ਖਾਂਦੀਆਂ ਹਨ
ਉਸ ਦਾ ਬਾਪ ਆਖਦਾ ਸੀ
ਕੰਨਿਆ ਹੈ ਇਸ ਤੋਂ ਜੂਠੇ ਭਾਂਡੇ ਨਹੀਂ ਚੁਕਵਾਉਣੇ
ਹੁਣ ਉਹ ਸਾਰਾ ਦਿਨ ਜੂਠ ਧੋਂਦੀ ਹੈ
ਉਸ ਨੂੰ ਸਮਝ ਨਹੀਂ ਆਈ
ਵਿਆਹ ਤੋਂ ਬਾਅਦ ਕੰਨਿਆ
ਖੜਕੰਨਿਆ ਕਿਵੇਂ ਬਣ ਜਾਂਦੀ ਹੈ
ਉਸ ਨੇ ਸੋਚਿਆ ਨਹੀਂ ਸੀ
ਬਿਸਤਰਾ ਬਦਲਣ ਨਾਲ ਹੀ ਕਿੰਨਾ ਕੁਝ ਬਦਲ ਜਾਂਦਾ
ਇਹ ਵੀ ਨਹੀਂ ਸੀ ਸੋਚਿਆ
ਔਰਤ ਨੂੰ ਆਪਣੀ ਸੰਤੁਸ਼ਟੀ ਦੀ
ਏਨੀ ਵੱਡੀ ਕੀਮਤ ਵੀ ਅਦਾ ਕਰਨੀ ਪੈ ਸਕਦੀ ਹੈ

ਆਪਣੇ ਸਹੁਰੇ ਤੋਂ ਬੜੀ ਚਿੜ ਹੈ ਉਸ ਨੂੰ
ਉਸ ਦੇ ਤਾਰ ਤੇ ਪਏ ਅੰਤਰ ਵਸਤਰਾਂ ਨੂੰ
ਟੇਢੀ ਅੱਖ ਨਾਲ ਤੱਕਦਾ ਹੈ
ਉਸ ਨੂੰ ਆਪਣੇ ਕੱਪੜੇ ਵੀ
ਲੁਕਾ ਲੁਕਾ ਕੇ ਰੱਖਣੇ ਪੈਂਦੇ ਹਨ

ਉਸ ਨੂੰ ਔਖਾ ਲਗਦਾ ਹੈ
ਆਪਣੇ ਹੀ ਘਰ ਵਿੱਚ ਚੋਰਾਂ ਵਾਂਗ ਜਿਉਣਾ
ਤਸਕਰਾਂ ਵਾਂਗ ਵਿਚਰਨਾ

Scanned by CamScanner

ਤੇ ਬਹੁਤ ਔਖਾ ਲਗਦਾ ਹੈ
ਲਾਬੀ ਵਿਚਲਾ ਵਾਸ਼ਬੇਸਨ ਸਾਫ਼ ਕਰਨਾ
ਸਾਰਾ ਦਿਨ ਉਸ ਦਾ ਸਹੁਰਾ ਉਸ ਵਿੱਚ
ਪਾਨ ਥੁੱਕਦਾ ਰਹਿੰਦਾ ਹੈ

ਇਹ ਕੰਮ ਉਸ ਲਈ ਜਲਾਲਤ ਭਰਿਆ ਹੈ
ਪਰ ਉਹ ਕੁਝ ਨਹੀਂ ਕਹਿ ਸਕਦੀ

ਉਸ ਦੇ ਘਰ ਵਾਲਾ ਨਹੀਂ ਰਿਹਾ
ਦੂਜੇ ਭਰਾ ਨਾਲ ਵਿਆਹ ਕਰ ਦਿੱਤਾ
ਉਸ ਦੀ ਵੀਣੀ 'ਤੇ ਇੱਕ ਹੋਰ ਨਾਂ ਲਿਖ ਦਿੱਤਾ ਗਿਆ

ਕੁਦਰਤ ਉਸ ਦੀ ਵੈਰਨ ਹੈ
ਉਸ ਦੀ ਵੀਣੀ 'ਤੇ ਇਸੇ ਤਰ੍ਹਾਂ ਚਾਰ ਨਾਮ ਲਿਖੇ ਗਏ
ਉਸ ਦੀ ਵੀਣੀ ਉਸ ਨੂੰ
ਰਾਸ਼ਨ ਕਾਰਡ ਵਰਗੀ ਲਗਦੀ ਹੈ
ਜਾਂ ਜ਼ਮੀਨ ਦਾ ਕੋਈ ਕਾਗਜ਼
ਜਿਸ 'ਤੇ ਜ਼ਮੀਨ ਇੱਕ ਤੋਂ ਦੂਜੇ ਦੇ ਨਾਂ ਚੜ੍ਹਦੀ ਹੈ

ਪਿਛਲੇ ਪੰਜ ਸਾਲਾਂ ਵਿੱਚ ਚਾਰ ਵਿਆਹ
ਉਸ ਨੂੰ ਇਸ ਸਵਾਲ ਦਾ ਜਵਾਬ
ਇਸ ਦੁਨੀਆਂ ਦਾ ਕੋਈ ਵਿਦਵਾਨ ਨਹੀਂ ਦੇ ਸਕਿਆ
ਕਿ ਔਰਤ ਇਕੱਲੀ ਕਿਉਂ ਨਹੀਂ ਰਹਿ ਸਕਦੀ

ਹੁਣ ਉਹ ਬਾਪ ਦੇ ਘਰ ਹੈ
ਉਸ ਦਾ ਬਾਪ ਖੁਸ਼ ਹੈ

ਉਸ ਨੇ ਕਾਫ਼ੀ ਟਾਈਮ ਬਾਅਦ ਉਹ ਚਿਣਗ ਵੇਖੀ
ਜਿਸ ਨੂੰ ਖੁਸ਼ੀ ਕਹਿੰਦੇ ਹਨ
ਕਦੇ ਕਦੇ ਉਹ ਪੇਂਟਿੰਗ ਕਰਦੀ ਹੈ
ਉਸ ਨੂੰ ਲਗਦਾ ਹੈ
ਉਸ ਦਾ ਦੂਸਰਾ ਜਨਮ ਹੋਇਆ ਹੈ

ਰਿਸ਼ਤੇਦਾਰਾਂ ਨੇ ਫੇਰ ਉਸ ਦੇ ਬਾਪ ਤੇ ਦਬਾ ਪਾਇਆ
ਉਸ ਦੇ ਭਰਾ ਭਰਜਾਈ ਵੀ
ਚਾਹੁੰਦੇ ਹਨ ਉਹ ਆਪਣੇ ਘਰ ਜਾਵੇ
ਪਰ ਉਸ ਨੂੰ ਆਪਣੇ ਬਾਪ ਦਾ ਘਰ ਹੀ ਆਪਣਾ ਲਗਦਾ ਹੈ

ਇੱਕ ਦਿਨ ਘਰ ਫੇਰ ਕੁਝ ਲੋਕ ਇਕੱਠੇ ਹਨ
ਉਸ ਨੂੰ ਸਮਝਾਇਆ ਜਾ ਰਿਹਾ ਹੈ
ਕਿ ਉਸ ਨੂੰ ਫੇਰ ਵਿਆਹ ਕਰਾਉਣਾ ਚਾਹੀਦਾ ਹੈ

ਧੁਰ ਅੰਦਰੋਂ ਬਾਪ ਵੀ ਇਹੋ ਚਾਹੁੰਦਾ ਹੈ
ਧੀ ਉਸ ਦੇ ਕੋਲ ਹੀ ਰਹੇ
ਪਰ ਫਿਰ ਆਪਣੇ ਪੁੱਤਰ ਤੇ ਨੂੰਹ ਬਾਰੇ ਸੋਚਣ ਲਗਦਾ ਹੈ

ਉਹ ਕਾਫ਼ੀ ਟਾਈਮ ਸੁਣਦੀ ਰਹੀ
ਉਸ ਨੂੰ ਲੱਗਿਆ, ਉਸ ਦਾ ਕੋਈ ਗਲ ਘੁੱਟ ਰਿਹਾ ਹੈ
ਸਾਰੇ ਉਸ ਦਾ ਜਵਾਬ ਉਡੀਕ ਰਹੇ ਹਨ
ਉਸ ਵੱਲ ਵੇਖ ਰਹੇ ਹਨ

ਉਸ ਨੇ ਕੁਝ ਕੁ ਸ਼ਬਦ ਬੜੀ ਔਖ ਨਾਲ ਕਹੇ

"ਮੈਂ ਵਾਸ਼ਬੇਸਨ ਨਹੀਂ ਹਾਂ"

Scanned by CamScanner

ਸਮਝ-ਬੂਝ

ਚੰਗੇ ਸਬੰਧਾਂ ਦਾ ਬਸ
ਏਨਾ ਕੁ ਇਲਮ ਹੁੰਦਾ ਹੈ

ਕਿਸੇ ਦੇ ਨਾਲ
ਰਹਿਣ ਦਾ ਸਲੀਕਾ ਸਿੱਖ ਜਾਣਾ

ਕਿਸੇ ਦੇ ਨਾਲ
ਸੌਣ ਦੀ ਕਲਾ ਸਮਝ ਜਾਣਾ

ਕੀਮਤ

ਤੇਰੀ ਦੇਹਲੀ ਤੇ ਧਰ ਆਏ ਹਾਂ
ਆਪਣੀ ਸਾਰੀ ਉਮਰ
ਕੌਣ ਕਮਬਖ਼ਤ ਆਖਦਾ ਹੈ
ਕਵਿਤਾ ਸਸਤੀ ਚੀਜ਼ ਹੁੰਦੀ ਹੈ

ਕਦੇ ਕਦੇ

ਕਦੇ ਖਾਲੀ ਹੁੰਦੇ ਹਨ
ਕਦੇ ਜਮਾਂ ਸੁੰਨੇ
ਕਦੇ ਹੰਭ ਜਾਂਦੇ ਹਨ
ਤੇਰੀ ਚੁੱਪ ਦਾ ਦਰ ਖੜਕਾਉਂਦਿਆਂ
ਕਦੇ ਤਾਂ ਬਸ ਮੇਰੇ ਬੋਲ ਬਣ ਕੇ
ਫ਼ਿਜ਼ਾ ਵਿੱਚ ਗੂੰਜ ਜਾਂਦੇ ਹਨ
ਜੋ ਸਿਰਫ਼ ਮੈਨੂੰ ਸੁਣਦੇ ਹਨ

ਭਾਵੇਂ ਬਹੁਤ ਕੁਝ ਹੁੰਦੇ ਹਨ
ਪਰ ਹਰ ਵਾਰ ਸ਼ਬਦ
ਕਵਿਤਾ ਨਹੀਂ ਹੁੰਦੇ

ਬੁੱਕਲ ਦਾ ਸੱਚ

ਕੁਝ ਚੀਜ਼ਾਂ ਬੱਚਿਆਂ ਨੂੰ
ਬਹੁਤ ਪਿਆਰੀਆਂ ਹੁੰਦੀਆਂ ਹਨ
ਉਹ ਉਹਨਾਂ ਨਾਲ ਕਦੀ ਨਹੀਂ ਖੇਡਦੇ
ਲੁਕੋ ਦਿੰਦੇ ਹਨ ਏਧਰ ਓਧਰ
ਘਰ ਦੇ ਕਿਸੇ ਕੋਨੇ ਵਿੱਚ
ਬਿਸਤਰਿਆਂ ਦੀਆਂ ਚਾਦਰਾਂ ਹੇਠ

ਤੇ ਮੈਂ ਹਾਂ
ਆਪਣੇ ਆਪ ਤੋਂ ਵੀ ਲੁਕੋ ਲੈਂਦਾ ਹਾਂ ਤੈਨੂੰ
ਕਦੇ ਇਕੱਲਾ ਬੈਠ ਕੇ ਵੀ
ਤੇਰਾ ਨਾਮ ਨਹੀਂ ਲੈਂਦਾ

ਬੁਲਾਵਾ

ਮੈਂ ਆਪਣੇ ਸਾਰੇ ਸ਼ਬਦ
ਤੈਨੂੰ ਦਿੰਦਾ ਹਾਂ
ਕੁਝ ਵੀ ਨਹੀਂ ਰੱਖਦਾ ਆਪਣੇ ਕੋਲ

ਆ.....ਆਪਣੇ ਆਪ ਨੂੰ
ਮੇਰੇ ਉੱਪਰ ਲਿਖ

ਮੈਂ ਜਾਣਨਾ ਚਾਹੁੰਦਾ ਹਾਂ
ਤੇਰਾ ਹਰ ਵਿਸਥਾਰ
ਮਿੱਟੀ ਤੋਂ ਪ੍ਰਮਾਤਮਾ ਹੋਣ ਤੱਕ

Scanned by CamScanner

ਦਾਤ

ਕਵਿਤਾ ਕਿਸੇ ਦੀ ਨਹੀਂ ਹੁੰਦੀ
ਇਹ ਤਾਂ ਕੁਦਰਤ ਦੀ ਬੇਟੀ ਹੈ
ਜਿਹੜਾ ਹੱਥ ਇਸ ਨੂੰ ਸੋਹਣਾ ਲੱਗੇ
ਬਸ, ਉਸੇ ਨੂੰ ਫੜ੍ਹ ਕੇ ਤੁਰ ਪੈਂਦੀ ਹੈ

ਲਾਲ ਸਿਆਹੀ

ਕਈ ਵਾਰ ਕਵਿਤਾ
ਬਿਲਕੁਲ ਤੇਰੇ ਵਰਗੀ ਹੋ ਜਾਂਦੀ ਹੈ
ਜਮਾਂ ਈ ਸਿੱਧਰੀ

ਉਸ ਨੂੰ ਸ਼ੁਦਾਅ ਚੜ੍ਹਦਾ ਹੈ
ਰੰਗਾਂ ਨਾਲ ਖੇਡਣ ਦਾ
ਬਿਲਕੁਲ ਸੂਹੇ ਰੰਗ
ਤੇ ਫਿਰ ਮੈਂ ਉਸ ਨੂੰ
ਆਪਣਾ ਲਹੂ ਦਿੰਦਾ ਹਾਂ

ਸਮਝਦਾ ਹਾਂ ਮੁਹੱਬਤ ਤੇ ਕਵਿਤਾ
ਤਪੱਸਿਆ ਹੈ

ਊਈਂ-ਮੁੱਚੀ ਸ਼ਬਦ ਕਵਿਤਾ ਨਹੀਂ ਹੁੰਦੇ
ਐਂਵੇ ਕੌਣ ਸ਼ਾਇਰ ਬਣਦਾ ਹੈ

ਅਣਜਾਣ

ਮੈਂ ਚਾਹੁੰਦਾ ਹਾਂ ਇਸ ਤਰ੍ਹਾਂ ਵੀ
ਕਿ ਤੇਰਾ ਜਵਾਬ ਆਵੇ
ਪਰ ਮੈਂ ਸਵਾਲ ਕੋਈ ਨਝੀ ਕਰਨਾ

ਤੂੰ ਭਲਾਂ ਕੀ ਜਾਣੇਂ
ਹੁੰਦਾ ਹੈ ਕਿਸ ਤਰ੍ਹਾਂ ਦਾ
ਇੱਕ ਸ਼ਾਇਰ ਹੋ ਕੇ ਜਿਉਣਾ
ਫ਼ਕੀਰ ਹੋ ਕੇ ਮਰਨਾ

ਸੰਨਿਆਸ

ਹਰ ਚੀਜ਼ ਤੁਰ ਪੈਂਦੀ ਹੈ
ਆਪਣੇ ਆਪ ਸੰਪੂਰਨਤਾ ਵੱਲ
ਆਪਣੇ ਮੂਲ ਵੱਲ ਪਰਤਦੀ ਹੈ
ਸੁੱਤੇ ਸਿੱਧ, ਆਪ ਮੁਹਾਰੀ

ਜਾਣੇ ਅਣਜਾਣੇ ਵਿੱਚ

ਕਦੇ ਕਦੇ ਮੈਂ ਪਰਤਦਾ ਹਾਂ
ਤੇਰੇ ਤੋਂ ਆਪਣੇ ਵੱਲ

ਕਦੇ ਕਵਿਤਾ ਸੰਪੂਰਨ ਹੋਵੇਗੀ
ਮੈਂ ਕਾਗਜ਼ 'ਤੇ ਲਿਖਾਂਗਾ ਤੇਰਾ ਨਾਂ
ਸਿਰਫ਼ ਇੱਕ ਸ਼ਬਦ
ਸਿਰਫ਼ ਦੋ ਅੱਖਰ
ਤੇ ਕਵਿਤਾ ਲਿਖਣੀ ਛੱਡ ਦਿਆਂਗਾ

Scanned by CamScanner

ਮੈਨੂੰ ਨਹੀਂ ਪਤਾ

ਬੜਾ ਸਿੱਧਾ ਆਦਮੀ ਹਾਂ
ਕੱਖ ਦੀ ਸਮਝ ਨਹੀਂ
ਦੋ ਤੇ ਦੋ ਜੋੜਨ ਲਈ ਵੀ
ਕੈਲਕੂਲੇਟਰ ਚੁੱਕ ਲੈਂਦਾ ਹਾਂ

ਪਰ ਇਹ ਪਤਾ ਨਹੀਂ ਕੌਣ ਹੈ
ਜੋ ਮੇਰੇ ਅੰਦਰ ਬੈਠਾ
ਤੇਰੇ ਲਈ ਕਵਿਤਾ ਲਿਖਦਾ ਹੈ

ਸੈਲਫ਼ੀ

ਬਹੁਤ ਵਾਰ
ਕਲਿੱਕ ਕਰਦਾ ਹਾਂ
ਆਪਣੇ ਹੀ ਫੋਨ ਵਿੱਚ ਆਪਣਾ ਚਿਹਰਾ
ਪਰ ਹਰ ਵਾਰ
ਪਿਕ ਵੇਖਦਿਆਂ
ਤੇਰਾ ਚਿਹਰਾ ਉੱਭਰ ਆਉਂਦਾ ਹੈ

ਅਕਸ

ਰੁਕ ਜਾਂਦੀ ਹੈ ਤੇਰੀ ਯਾਦ
ਤੇਰਾ ਚਿਹਰਾ ਠਹਿਰ ਜਾਂਦਾ ਹੈ
ਉਂਝ ਤਾਂ ਅੱਖਾਂ ਦੇ ਮੂਹਰੋਂ
ਰੋਜ਼ ਬਹੁਤ ਕੁਝ ਲੰਘਦਾ ਹੈ
ਉਂਝ ਤਾਂ ਸਿਰ ਦੇ ਵਿੱਚੋਂ ਦੀ
ਰੋਜ਼ ਬਹੁਤ ਕੁਝ ਗੁਜ਼ਰਦਾ ਹੈ

ਮੈਨੂੰ ਸਭ ਪਤਾ ਹੈ

ਮੈਂ ਕਿਹਾ ਸੀ ਉਸ ਨੂੰ
ਮੈਂ ਕਹਿਣਾ ਹੈ ਕੁਝ
ਬਹੁਤ ਕੁਝ ਹੈ ਮੇਰੇ ਕੋਲ
ਤੇਰੇ ਬਾਰੇ ਕਹਿਣ ਲਈ

ਫਿਰ ਵਰ੍ਹਿਆਂ ਬਾਅਦ
ਉਸ ਦੀ ਚੁੱਪ ਟੁੱਟੀ
ਉਸ ਨੇ ਕਹੇ ਸਿਰਫ਼ ਚਾਰ ਸ਼ਬਦ
"ਮੈਨੂੰ ਸਭ ਪਤਾ ਹੈ"

ਤੇ ਮੇਰੇ ਕੋਲ
ਕਹਿਣ ਨੂੰ ਕੁਝ ਵੀ ਨਹੀਂ ਰਿਹਾ

ਤੇ ਲੋਕ ਹਨ
ਮੇਰੀ ਚੁੱਪ ਦੀ ਵਜ੍ਹਾ ਪੁੱਛਦੇ ਹਨ

ਗਲਤੀਆਂ-ਮਲਤੀਆਂ

ਬਹੁਤ ਕੁਝ ਹੁੰਦੀ ਹੈ
ਸ਼ੁਰੂ ਵਿੱਚ ਤਾਂ ਮੁਹੱਬਤ
ਫਿਰ ਰਿਸ਼ਤਾ ਬਣਨ ਲਗਦੀ ਹੈ
ਹੌਲੀ ਹੌਲੀ ਸਬੰਧ ਬਣਦੀ ਹੈ
ਤੇ ਸਬੰਧ ਤਾਂ ਅਕਸਰ ਹੀ ਗੰਧਲੇ ਹੋਣ ਲਗਦੇ ਹਨ

ਮਨੁੱਖ ਤਾਂ ਗਲਤੀਆਂ ਦਾ ਪੁਤਲਾ ਹੈ
ਪਰ ਹੁਣ ਬਹੁਤੇ ਮਨੁੱਖ ਵੀ ਨਹੀਂ ਰਹੇ
ਕੁਝ ਸਿਰਫ਼ ਪੁਤਲੇ ਹੀ ਰਹਿ ਗਏ ਹਨ

Scanned by CamScanner

ਜੇ ਤੇਰੀ ਸਮਝ ਦਾ ਹੋ ਸਕਾਂ

ਮੈਂ ਤੇਰੇ ਤੱਕ ਨਹੀਂ ਜਾ ਸਕਿਆ
ਹੁਣ ਮੈਂ ਸ਼ਬਦ ਹੁੰਦਾ ਹਾਂ
ਸ਼ਬਦ ਬਹੁਤ ਦੂਰ ਤੱਕ ਜਾ ਸਕਦੇ ਹਨ
ਕਈ ਵਾਰ ਧੁਰ ਅੰਦਰ ਤੱਕ
ਸ਼ਬਦਾਂ ਕੋਲ ਬੜੀ ਸੌਖ ਹੈ
ਕਿਸੇ ਵੀ ਭਾਸ਼ਾ ਵਿੱਚ ਅਨੁਵਾਦ ਹੋ ਸਕਦੇ ਹਨ

ਮੈਨੂੰ ਦੱਸੀਂ
ਤੈਨੂੰ ਕਿਹੜੀ ਭਾਸ਼ਾ ਸਮਝ ਆਉਂਦੀ ਹੈ
ਤਾਂ ਕਿ ਮੈਂ
ਆਪਣੇ ਆਪ ਦਾ ਅਨੁਵਾਦ ਸ਼ੁਰੂ ਕਰ ਸਕਾਂ

ਮਰਜ਼ੀ

ਰਿਸ਼ਤੇ ਤਾਂ ਮੰਨਣ ਦੇ ਹੁੰਦੇ ਨੇ
ਜੇ ਨਾ ਮੰਨੀਏਂ ਤਾਂ ਅਸੀਂ
ਆਪਣੇ ਆਪ ਦੇ ਵੀ ਨਹੀਂ ਹਾਂ

ਤੇਰੀ ਮੇਰੀ ਔਖ-ਸੌਖ

ਤੇਰੇ ਲਈ ਬੜਾ ਸੌਖਾ ਹੈ
ਮੇਰੇ ਕੁਝ ਸ਼ਬਦ
ਬੋਲ ਬਣਦਿਆਂ ਸੁਣ ਲਵੇਂ
ਤੈਨੂੰ ਨਹੀਂ ਪਤਾ ਕਿੰਨਾ ਮੁਸ਼ਕਿਲ ਹੈ
ਕਿ ਤੈਨੂੰ ਤੇਰੇ ਹੀ ਬਾਰੇ
ਮੈਂ ਕੁਝ ਕਹਿ ਸਕਾਂ
ਤੇ ਤੂੰ ਉਹ ਸਭ ਕੁਝ ਸੁਣ ਸਕੇਂ
ਚੁੱਪ-ਚਾਪ

ਆਖ਼ਰੀ ਪੜਾਅ

ਤੁਸੀਂ ਕੁਝ ਵੀ ਹੋ ਜਾਵੋ
ਕੁਝ ਵੀ ਬਣ ਜਾਵੋ
ਅਖੀਰ ਤੇ ਤੁਹਾਨੂੰ
ਓਥੇ ਹੀ ਆਉਣਾ ਪਵੇਗਾ
ਜਿੱਥੋਂ ਮਨੁੱਖੀ ਮੁਹੱਬਤ ਸ਼ੁਰੂ ਹੁੰਦੀ ਹੈ
ਤੇ ਦਿਲ
ਤਰਸ ਨਾਲ ਭਰ ਜਾਂਦਾ ਹੈ

ਤੇ ਭੁੱਲ ਜਾਂਦੇ ਹਾਂ

ਦੁਨੀਆਂ ਹੈ
ਬਹੁਤ ਕੁਝ ਸਿਖਾਉਂਦੀ ਹੈ
ਅਸੀਂ ਹਾਂ ਕਿ
ਕਾਫ਼ੀ ਕੁਝ ਸਿੱਖਦੇ ਹਾਂ
ਤੇ ਭੁੱਲ ਜਾਂਦੇ ਹਾਂ
ਇੱਕ ਦੂਜੇ ਦੇ ਹੋਣਾ

Scanned by CamScanner

ਅੱਖਰ-ਸ਼ਬਦ

ਕਿੰਨਾ ਕੁਝ ਸ਼ਬਦਾਂ ਦਾ ਬਣਦਾ ਹੈ
ਕਿੰਨਾ ਕੁਝ ਅੱਖਰਾਂ ਨਾਲ
ਜਿਨ੍ਹਾਂ ਦੋ ਅੱਖਰਾਂ ਤੋਂ
ਤੇਰਾ ਨਿੱਕਾ ਜਿਹਾ ਨਾਂ ਬਣਦਾ ਹੈ
ਬਸ ਓਹੀ ਸੁਣਦਿਆਂ
ਪੂਰੀ ਦੇਹ ਕੰਬ ਜਾਂਦੀ ਹੈ
ਰੂਹ ਝੰਜੋੜੀ ਜਾਂਦੀ ਹੈ
ਬਾਕੀ ਸਭ ਅਣ-ਸੁਣਿਆ ਰਹਿ ਜਾਂਦਾ ਹੈ
ਜੋ ਲੋਕ ਮੇਰੇ ਆਸੇ-ਪਾਸੇ ਬੋਲਦੇ ਰਹਿੰਦੇ ਹਨ

ਉਂਝ ਤਾਂ ਅੱਖਰਾਂ ਤੇ ਸ਼ਬਦਾਂ ਦਾ
ਬਹੁਤ ਕੁਝ ਬਣਦਾ ਹੈ

ਚਲ ਕੋਈ ਨਾ

ਮੈਂ ਕਿੰਨੀਆਂ ਦਲੀਲਾਂ ਇਕੱਠੀਆਂ ਕਰਦਾ ਹਾਂ
ਕਈ ਛੋਟੇ-ਮੋਟੇ ਝੂਠ
ਕਿਵੇਂ ਮੁਖਾਤਿਬ ਹੋਵਾਂਗਾ
ਉਸ ਦੇ ਰੋਸਿਆਂ ਦੇ ਸਾਹਮਣੇ
ਉਸ ਦੇ ਨਿੱਕੇ-ਨਿੱਕੇ ਗਿਲੇ ਸ਼ਿਕਵੇ

ਪਰ ਉਸ ਘੜੀ ਸਭ ਸਿਮਟ ਜਾਂਦਾ ਹੈ
ਮੈਂ ਏਨਾ ਹੀ ਕਹਿ ਪਾਉਂਦਾ ਹਾਂ
ਇਸ ਦੁਨੀਆਂ ਨੇ ਮੈਨੂੰ
ਤੇਰੇ ਤੱਕ ਨਹੀਂ ਆਉਣ ਦਿੱਤਾ
ਮੈਨੂੰ ਮੁਆਫ਼ ਕਰ ਦੇਵੀਂ

ਤੇ ਉਸ ਦੇ ਸਿਰਫ਼ ਤਿੰਨ ਸ਼ਬਦ ਸੁਣਦਿਆਂ
ਸਭ ਸਕੂਨ ਨਾਲ ਭਰਨ ਲਗਦਾ ਹੈ
ਉਹ ਏਨਾ ਹੀ ਆਖਦੀ ਹੈ
"ਚਲ ਕੋਈ ਨਾ"

ਮੰਨੂ ਚਲੀ ਗਈ

ਇਸ ਅਠਾਰਾਂ ਵੀਹ ਸਾਲ ਦੀ
ਪੱਕੇ ਰੰਗ ਦੀ ਕੁੜੀ ਨੂੰ
ਇੱਕ ਘਰ 'ਚ ਕੰਮ ਕਰਨ ਲਈ ਸ਼ਹਿਰ ਲਿਆਂਦਾ ਗਿਆ ਹੈ
ਪਿੰਡ ਵਿੱਚ ਰਹਿਣ ਵਾਲੀ ਹੈ
ਬਹੁਤਾ ਕੁਝ ਨਹੀਂ ਜਾਣਦੀ ਹੈ
ਬਸ ਜ਼ਿੰਦਗੀ ਨੂੰ ਮਾਣਦੀ ਹੈ

ਇਸ ਦਾ ਗੋਲ ਮੂੰਹ
ਜਗਿਆਸਾ ਭਰੀਆਂ ਅੱਖਾਂ
ਧਿਆਨ ਖਿੱਚਦੀਆਂ ਹਨ
ਹੁਣ ਇਹ ਖੁਸ਼ ਹੈ
ਸਹੀ ਥਾਂ ਤੇ ਆ ਗਈ ਹੈ
ਪਤਾ ਲੱਗਿਆ ਹੈ
ਇਸ ਦਾ ਬਾਪ ਚੰਗਾ ਨਹੀਂ ਹੈ
ਭਰਾ ਨਸ਼ੇੜੀ ਹੈ
ਮਾਂ ਤਾਂ ਬਸ ਉਸੇ ਤਰ੍ਹਾਂ ਦੀ ਹੈ
ਜਿਵੇਂ ਮਾਵਾਂ ਹੁੰਦੀਆਂ ਹਨ
ਉਸ ਦੀ ਘਰ ਕੋਈ ਨਹੀਂ ਸੁਣਦਾ ਹੋਵੇਗਾ

ਮੈਨੂੰ ਇਧਰੋਂ ਓਧਰੋਂ
ਮਾਂ ਤੋਂ, ਪਤਨੀ ਤੋਂ, ਆਂਟੀ ਤੋਂ
ਇਸ ਬਾਰੇ ਕਾਫ਼ੀ ਕੁਝ ਪਤਾ ਲਗਦਾ ਰਹਿੰਦਾ ਹੈ
ਉਹ ਝਿੜਕਾਂ ਨੂੰ ਤੇ ਬੇਜ਼ਤੀ ਨੂੰ
ਬਹੁਤਾ ਦਿਲ ਤੇ ਨਹੀਂ ਲਾਉਂਦੀ
ਬਸ ਹੱਸ ਦਿੰਦੀ ਹੈ
ਖੁਸ਼ ਹੋ ਕੇ ਮਿਲਦੀ ਹੈ
ਚਾਹੇ ਕੋਈ ਵੀ ਹੋਵੇ
ਜਿਵੇਂ ਚਿਰਾਂ ਦੀ ਜਾਣਦੀ ਹੋਵੇ

ਵੈਸੇ ਵੀ ਉਸ ਕੋਲ ਰੁੱਸਣ ਦੀ ਆਪਸ਼ਨ ਨਹੀਂ ਹੈ

Scanned by CamScanner

ਉਹ ਗੁੱਸੇ ਕਿਸ ਨਾਲ ਹੋਵੇਗੀ
ਉਸ ਨੂੰ ਕੋਈ ਨਹੀਂ ਮਨਾਵੇਗਾ

ਮੈਨੂੰ ਲਗਦਾ ਹੈ
ਉਸ ਦਾ ਨਾਮ ਪੰਜਾਬ ਕੌਰ ਹੋਣਾ ਚਾਹੀਦਾ
ਉਸ ਦੇ ਸ਼ਖਸ਼ੀਅਤ ਨੂੰ ਇਹੀ ਨਾਮ ਸੋਂਹਦਾ ਹੈ

ਕਦੇ ਕਦੇ ਉਦਾਸ ਹੁੰਦੀ ਹੈ
ਮੂੰਹ ਉਤਰਿਆ ਹੋਇਆ
ਚੁੰਨੀ ਸਿਰ 'ਤੇ ਬੰਨੀ ਹੋਈ
ਪੁੱਛਣ 'ਤੇ ਦੱਸਦੀ ਹੈ ਕਿ ਸਿਰ ਦਰਦ ਹੈ
ਬੀ.ਪੀ. ਘੱਟ ਹੈ

ਮੈਂ ਸੋਚਦਾ ਹਾਂ ਕਿੰਨੇ ਬੱਚੇ ਹਨ
ਮਾਂ ਵਿਹੂਣੇ
ਜਿਨ੍ਹਾਂ ਨੂੰ ਬੁਖ਼ਾਰ ਹੁੰਦਿਆਂ ਉਨ੍ਹਾਂ ਦੇ ਮੱਥੇ 'ਤੇ
ਕੋਈ ਠੰਡੀਆਂ ਪੱਟੀਆਂ ਨਹੀਂ ਰੱਖਦਾ
ਉਹਨਾਂ ਨੂੰ ਕੋਈ ਵੀ
ਕੱਚੀ-ਭੁੰਨੀ ਕਣਕ ਦਾ ਦਲੀਆ ਬਣਾ ਕੇ ਨਹੀਂ ਦਿੰਦਾ

ਉਸ ਨੇ ਹਰ ਹਾਲਤ ਵਿੱਚ ਕੰਮ ਕਰਨਾ ਹੈ
ਕੁਝ ਸਬੰਧਾਂ ਵਿੱਚ ਹਮਦਰਦੀ ਵਰਗਾ ਕੁਝ ਨਹੀਂ ਹੁੰਦਾ
ਬਸ ਕਿਹਾ ਜਾਂਦਾ ਹੈ
ਬਸ ਸੁਣਿਆ ਜਾਂਦਾ ਹੈ

ਮੈਨੂੰ ਉਸ ਦੀ
ਛੋਟੀ ਮੋਟੀ ਚੋਰੀ ਦੀ ਆਦਤ ਬਾਰੇ ਪਤਾ ਲੱਗਿਆ ਹੈ
ਮੈਂ ਸੋਚਦਾ ਹਾਂ ਜਵਾਕ ਹੈ
ਉਸ ਨੂੰ ਬਹੁਤਾ ਕੁਝ ਪਤਾ ਨਹੀਂ ਹੈ
ਉਸ ਨੂੰ ਕਿਸੇ ਮੁੰਡੇ ਵਿੱਚ ਵੀ ਦਿਲਚਸਪੀ ਹੈ
ਮੈਨੂੰ ਆਸ ਪਾਸ ਤੋਂ ਪਤਾ ਲੱਗਿਆ ਹੈ

ਇਹ ਗੱਲ ਬਹੁਤ ਬੁਰੀ ਸਮਝੀ ਜਾਂਦੀ ਹੈ
ਇਸ ਬਾਰੇ ਕੁਝ ਵੀ ਵਿਚਾਰਦਿਆਂ
ਉਹ ਤਿੱਖੀਆਂ ਨਜ਼ਰਾਂ ਦਾ ਸਾਹਮਣਾ ਕਰਦੀ ਹੈ
ਕਈ ਸਵਾਲਾਂ ਦਾ
ਜਵਾਬ ਉਸ ਨੂੰ ਦੇਣਾ ਪੈਂਦਾ ਹੈ
ਜੋ ਕਾਫ਼ੀ ਔਖਾ ਹੁੰਦਾ

ਉਹ ਆਪਣੇ ਪਿੰਡ ਵਾਲੇ ਘਰ ਜਦੋਂ ਵੀ ਜਾਵੇ
ਹੋਰ ਵੀ ਔਖੀ ਹੁੰਦੀ ਹੈ
ਉਸ ਨੂੰ ਆਦਤ ਹੋ ਗਈ ਹੈ
ਸੋਹਣੇ ਟਾਈਲਾਂ ਵਾਲੇ ਬਾਥਰੂਮ ਵਿੱਚ ਨਹਾਉਣ ਦੀ
ਛਾਵਰਾਂ ਹੇਠ
ਸੋਹਣੀਆਂ ਟੂਟੀਆਂ ਥੱਲੇ
ਆਪਣੇ ਕੱਚੇ ਘਰ ਵਿੱਚ
ਉਸ ਨੂੰ ਸੌਣਾ, ਨਹਾਉਣਾ ਔਖਾ ਲਗਦਾ ਹੈ
ਉਹ ਉੱਥੇ ਨਹੀਂ ਰਹਿਣਾ ਚਾਹੁੰਦੀ

ਉਸ ਦੇ ਘਰ ਦੇ ਉਸ ਨੂੰ ਹੋਰ ਤਰ੍ਹਾਂ ਮਿਲਦੇ ਹਨ
ਉਹ ਘਰ ਆਈ ਧੀ ਨੂੰ
ਪੈਸੇ ਦੇ ਕੇ ਨਹੀਂ ਤੋਰਦੇ
ਉਸ ਤੋਂ ਕਮਾਏ ਹੋਏ ਪੈਸੇ ਲੈ ਲੈਂਦੇ ਹਨ

ਉਹ ਪੰਜ ਸੱਤ ਕਲਾਸਾਂ ਪੜ੍ਹੀ ਹੋਵੇਗੀ
ਉਸ ਨੂੰ ਕਿਤਾਬਾਂ ਪੜ੍ਹਨ ਵਿੱਚ ਦਿਲਚਸਪੀ ਹੈ
ਕਹਾਣੀਆਂ, ਕਵਿਤਾਵਾਂ
ਉਸ ਨੇ ਮੇਰੇ ਤੋਂ ਕਿਤਾਬਾਂ ਮੰਗੀਆਂ ਸਨ
ਮੈਂ ਕੁਝ ਕਿਤਾਬਾਂ ਉਸ ਨੂੰ ਦੇ ਦਿੱਤੀਆਂ
ਸੋਚਦਾ ਰਿਹਾ
ਮੈਨੂੰ ਇਸ ਦਾ ਉਲਾਂਭਾ ਹੀ ਨਾ ਮਿਲ ਜਾਵੇ
ਕਿਤੇ ਉਹ ਘਰ ਦਾ ਕੰਮ ਛੱਡ ਕੇ
ਬਸ ਕਿਤਾਬਾਂ ਪੜ੍ਹਦੀ ਰਹੇ
ਕਦੇ ਕੋਈ ਕਹਾਣੀ ਪੜ੍ਹਦਿਆਂ

Scanned by CamScanner

ਦੁੱਧ ਉਬਾਲ ਦੇਵੇ
ਜਾਂ ਘਰ ਦੇ ਅਵਾਜ਼ਾਂ ਮਾਰਦੇ ਰਹਿਣ
ਉਹ ਕਿਸੇ ਕਵਿਤਾ ਵਿੱਚ ਡੁੱਬੀ ਹੋਵੇ
ਤੇ ਮੈਨੂੰ ਸੁਣਨਾ ਪਵੇ
ਕਿ ਮੈਂ ਨਵਾਂ ਹੀ ਸਿਆਪਾ ਬੀਜ਼ ਦਿੱਤਾ ਹੈ

ਉਸ ਨੂੰ ਨੱਚਣ ਦਾ ਸ਼ੌਕ ਹੈ
ਇਸ ਦਾ ਕੋਈ ਮੌਕਾ ਨਹੀਂ ਜਾਣ ਦਿੰਦੀ
ਬਹੁਤ ਜਨੂੰਨ ਨਾਲ ਨੱਚਦੀ ਹੈ
ਇਹ ਕਿਸੇ ਦੇ ਵੀ ਜਿਉਂਦੇ ਹੋਣ ਦੀ ਨਿਸ਼ਾਨੀ ਹੈ

ਥੋੜ੍ਹੇ ਜਿਹੇ ਲੋਕ ਹੁੰਦੇ ਹਨ ਜੋ ਜਿਉਂਦੇ ਹਨ
ਬਹੁਤੇ ਸਿਰਫ਼ ਸਾਹ ਲੈਂਦੇ ਹਨ
ਜਾਂ ਬਸ ਤੁਰਦੇ ਫਿਰਦੇ ਹਨ
ਬਹੁਤੇ ਅਜਿਹੇ ਹੁੰਦੇ ਹਨ
ਜਿਨ੍ਹਾਂ ਨੂੰ ਅਸੀਂ ਜਿਉਂਦਿਆਂ ਵਿੱਚ ਨਹੀਂ ਗਿਣਦੇ
ਜਿਹੜੇ ਜਿਉਣਾ ਜਾਣਦੇ ਹਨ
ਉਹਨਾਂ ਨੂੰ ਸਮਾਜ ਸਵੀਕਾਰ ਨਹੀਂ ਕਰਦਾ

ਮੈਂ ਸੋਚਦਾ ਹਾਂ
ਅਸੀਂ ਬੱਚਿਆਂ ਤੋਂ ਕਈ ਵਾਰ ਬਹੁਤ ਜ਼ਿਆਦਾ ਉਮੀਦਾਂ ਕਰਦੇ ਹਾਂ
ਉਹ ਹੋਰ ਤਰ੍ਹਾਂ ਦੁਨੀਆਂ ਨੂੰ ਵੇਖਦੇ ਹਨ
ਉਹਨਾਂ ਨੂੰ ਨਿੱਕੀਆਂ ਨਿੱਕੀਆਂ ਚੀਜ਼ਾਂ
ਵੱਡੀਆਂ ਖੁਸ਼ੀਆਂ ਦਿੰਦੀਆਂ ਹਨ
ਅਸੀਂ ਵੱਡੀਆਂ ਚੀਜ਼ਾਂ ਨੂੰ ਮਿੱਟੀ ਸਮਝਣ ਲਗਦੇ ਹਾਂ
ਸਾਡੀ ਉਮਰ ਹੀ ਨਹੀਂ ਬਦਲਦੀ
ਸਾਡਾ ਨਜ਼ਰੀਆ ਵੀ ਬਦਲਦਾ ਰਹਿੰਦਾ ਹੈ

ਮੰਨੂ ਦੇ ਇਸ ਸੋਹਣੇ ਘਰ ਵਿੱਚ ਰਹਿੰਦਿਆਂ
ਕਾਫ਼ੀ ਕੁਝ ਅਜਿਹਾ ਹੋ ਗਿਆ
ਜੋ ਠੀਕ ਨਹੀਂ
ਜਾਂ ਉਹ ਹੁਣ ਕਿਸੇ ਨੂੰ ਵੀ ਠੀਕ ਨਹੀਂ ਲਗਦੀ

ਉਸ ਨੂੰ ਭੇਜ ਦਿੱਤਾ ਗਿਆ
ਆਪਣੇ ਪਿੰਡ ਕੱਚੇ ਘਰ ਵਿੱਚ

ਥੋੜ੍ਹੇ ਦਿਨਾਂ ਬਾਅਦ ਉਹ ਵਾਪਸ ਆ ਗਈ
ਲੋੜ ਐਸੀ ਹੀ ਚੀਜ਼ ਹੈ
ਸਾਨੂੰ ਇੱਕ ਦੂਜੇ ਤੱਕ ਲੈ ਆਉਂਦੀ ਹੈ

ਫਿਰ ਕੁਝ ਦਿਨਾਂ ਬਾਅਦ
ਉਸ ਨੂੰ ਫੇਰ ਭੇਜ ਦਿੱਤਾ ਗਿਆ
ਉਹ ਫੇਰ ਵਾਪਸ ਨਹੀਂ ਆਈ

ਹੁਣ ਹੋਰ ਇੱਕ ਕੁੜੀ ਜੋ ਓਨੀ ਕੁ ਉਮਰ ਦੀ ਹੈ
ਘਰ ਦੇ ਕੰਮ ਲਈ ਲਿਆਂਦੀ ਗਈ ਹੈ
ਉਸ ਦਾ ਨਾਮ ਪਤਾ ਨਹੀਂ ਕੀ ਹੈ
ਬਹੁਤ ਸੰਜਮ ਜਿਹੇ ਵਾਲੀ ਹੈ, ਸ਼ਾਂਤ ਜਿਹੀ

ਆਂਟੀ ਨੇ ਇਸ ਕੁੜੀ ਨੂੰ ਕਿਹਾ
ਕੁੜੇ ਮੈਨੂੰ ਤੇਰਾ ਨਾਮ ਯਾਦ ਨਹੀਂ ਰਹਿੰਦਾ
ਮੈਂ ਤਾਂ ਤੈਨੂੰ ਮੰਨੂ ਹੀ ਕਿਹਾ ਕਰੂੰ
ਇਸ ਦੂਸਰੀ ਕੁੜੀ ਦਾ ਨਾਮ ਮਨੂੰ ਰੱਖ ਲਿਆ ਗਿਆ ਹੈ

ਆਂਟੀ ਦੇ ਮਨ ਚੋਂ, ਦਿਲ ਚੋਂ
ਮੰਨੂ ਨਹੀਂ ਨਿਕਲ ਸਕੀ
ਭਾਵੇਂ ਘਰ 'ਚੋਂ ਚਲੀ ਗਈ ਹੈ
ਸੋਹਣੇ ਵੱਡੇ ਘਰ ਵਿੱਚ ਇੱਕ ਨਾਮ ਗੂੰਜਦਾ ਰਹਿੰਦਾ ਹੈ
ਮੰਨੂ.....ਓਏ .....ਮੰਨੂ
ਮੈਨੂੰ ਲਗਦਾ ਕੁਝ ਲੋਕ ਉੱਥੇ ਵੀ ਰਹਿੰਦੇ ਹਨ
ਜਿੱਥੇ ਉਹ ਨਹੀਂ ਰਹਿੰਦੇ
ਮੰਨੂੰ ਇੱਥੋਂ ਸ਼ਾਇਦ ਕਦੇ ਨਾ ਜਾਵੇ
ਭਾਵੇਂ
ਮੰਨੂੰ ਚਲੀ ਗਈ ॥

Scanned by CamScanner

ਨਿੱਕੀ ਵੱਡੀ ਗੱਲ

ਨਿੱਕੀ ਜਿਹੀ ਗੱਲ
ਮੈਥੋਂ ਕਹੀ ਨਾ ਗਈ

ਨਿੱਕੀ ਜਿਹੀ ਗੱਲ
ਤੂੰ ਸੁਣੀਂ ਹੀ ਨਹੀਂ

ਨਿੱਕੀ ਜਿਹੀ ਗੱਲ
ਕਿੰਨੀ ਵੱਡੀ ਬਣ ਗਈ

ਅੰਮ੍ਰਿਤ-ਜ਼ਹਿਰ

ਇਹ ਅਪਣੱਤ ਜੋ ਤੇਰੇ ਦਿਲ ਵਿੱਚ ਹੈ
ਆਬੇ-ਹਯਾਤ ਹੈ
ਇਸ ਨੂੰ ਸਾਂਭ ਕੇ ਰੱਖੀਂ
ਲੁਕੋ ਲਵੀਂ ਮੁਹੱਬਤ ਦੁਨੀਆਂ ਤੋਂ
ਸੱਤ ਬੁੱਕਲਾਂ ਮਾਰ ਕੇ
ਤੈਨੂੰ ਨਹੀਂ ਪਤਾ ਇਹ ਬੇਪਰਦ ਹੁੰਦਿਆਂ ਹੀ
ਇਸ ਦਾ ਆਕਸੀਕਰਨ ਹੋਣ ਲਗਦਾ ਹੈ
ਫਿਰ ਇਹ ਪਵਿੱਤਰ ਚੀਜ਼
ਜ਼ਹਿਰ ਵਿੱਚ ਤਬਦੀਲ ਹੋਣ ਲਗਦੀ ਹੈ
ਤੇ ਸਾਨੂੰ ਹੀ ਖਾਣੀ ਪੈਂਦੀ ਹੈ
ਮੈਂ ਬਹੁਤ ਖਾ ਚੁੱਕਿਆ ਹਾਂ ਇਹ ਜ਼ਹਿਰ
ਹੋਰ ਨਹੀਂ ਖਾ ਸਕਦਾ
ਵੈਸੇ ਵੀ ਮੈਂ ਕਿਸੇ ਔਰਤ ਦੇ ਮੱਥੇ 'ਤੇ
ਸ਼ਿਕਨ ਨਹੀਂ ਚਾਹੁੰਦਾ
ਕਿਸੇ ਕੰਨਿਆ ਦੇ ਦਾਮਨ 'ਤੇ ਦਾਗ਼ ਨਹੀਂ ਚਾਹੁੰਦਾ

ਮੈਂ ਤੈਨੂੰ ਵਰਜਦਾ ਹਾਂ
ਵਾਰ ਵਾਰ ਆਖਦਾ ਹਾਂ
ਮੈਨੂੰ ਪਿਆਰ ਨਾ ਕਰ
ਮੈਨੂੰ ਬਸ ਇਹੋ ਕਰਨ ਦੇ
ਮੈਨੂੰ ਕਵਿਤਾ ਲਿਖਣ ਦੇ
ਮੈਨੂੰ ਚੁੱਪ ਚਾਪ ਮਰਨ ਦੇ
ਸਾਰੀਆਂ ਬੰਦਿਸ਼ਾਂ ਦੇ ਸਿਰ ਤੋਂ
ਮੈਂ ਆਪਣੇ ਚਾਵਾਂ ਦੀ ਬਲੀ ਦਿੱਤੀ ਹੈ
ਪਰ ਤੇਰੀ ਸਲਾਮਤੀ ਲਈ
ਬਹੁਤ ਕੁਝ ਸਲਾਮਤ ਰੱਖਣ ਦੇ ਲਈ
ਕੁਝ ਨਾ ਕੁਝ ਤਾਂ ਟੁੱਟੇਗਾ ਹੀ
ਅਸੀਂ ਟੁੱਟ ਲਵਾਂਗੇ ਅੰਦਰੋ-ਅੰਦਰੀ
ਤੇਰੀ ਸ਼ਾਨ ਬਰਕਰਾਰ ਰੱਖਣ ਦੇ ਲਈ
ਤੇ ਜ਼ਰੂਰੀ ਹੈ ਇਸ ਸਭ ਦੇ ਲਈ
ਕਿ ਤੂੰ ਮੈਨੂੰ ਪਿਆਰ ਨਾ ਕਰ

Scanned by CamScanner

ਮੈਨੂੰ ਲਗਦਾ ਹੈ

ਮੈਨੂੰ ਪਤਾ ਹੈ ਉਸ ਨੂੰ ਉਡੀਕ ਨਹੀਂ ਹੁੰਦੀ
ਮੇਰੇ ਸ਼ਬਦਾਂ ਦੀ
ਸੂਰਜ ਨੂੰ ਵੀ ਕੌਣ ਉਡੀਕਦਾ ਹੈ
ਲੋਕ ਅਲਾਰਮ ਸੁਣ ਕੇ ਉੱਠ ਖੜ੍ਹਦੇ ਹਨ
ਦੁਨੀਆਂ ਮਸ਼ੀਨ ਵਾਂਗ ਚੱਲਣ ਲਗਦੀ ਹੈ
ਪਰ ਸੂਰਜ ਸਵੇਰ ਨੂੰ ਨਹੀਂ ਭੁੱਲਦਾ
ਚੰਨ ਆਪਣਾ ਕੰਮ ਕਰਦਾ ਹੈ
ਸਾਡੀ ਮਰਜ਼ੀ ਹੈ
ਪਰਦੇ ਕਰ ਦੇਣੇ ਹਨ ਜਾਂ ਨਹੀਂ
ਦਰਵਾਜ਼ੇ ਖੁੱਲ੍ਹੇ ਜਾਂ ਬੰਦ ਰੱਖਣੇ
ਰੌਸ਼ਨੀ ਦਰਵਾਜ਼ੇ 'ਤੇ ਖੜ੍ਹੀ ਰਹਿੰਦੀ ਹੈ
ਉਸ ਕੋਲ ਸ਼ਬਦ ਨਹੀਂ ਹਨ
ਉਸ ਕੋਲ ਆਵਾਜ਼ ਨਹੀਂ ਹੈ
ਉਹ ਤੁਹਾਡਾ ਦਰਵਾਜ਼ਾ ਨਹੀਂ ਖੜ੍ਹਕਾ ਸਕਦੀ
ਉਸ ਕੋਲ ਨਹੀਂ ਹਨ ਹੱਥ ਪੈਰ
ਉਹ ਤੁਹਾਨੂੰ ਜੱਫੀ ਵਿੱਚ ਨਹੀਂ ਘੁੱਟ ਸਕਦੀ
ਕਲਾਵੇ ਵਿੱਚ ਨਹੀਂ ਲੈ ਸਕਦੀ
ਉਹ ਸਪਰਸ਼ ਹੈ ਕੇਵਲ
ਉਸ ਦੀ ਹੋਂਦ ਦਾ ਅਹਿਸਾਸ
ਤੁਹਾਡੇ ਚਾਹੁਣ ਤੇ, ਨਾ ਚਾਹੁਣ ਤੇ ਡਿਪੈਂਡ ਕਰਦਾ ਹੈ
ਮੈਂ ਉਸੇ ਤਰ੍ਹਾਂ ਦਾ ਹਾਂ
ਕਦੇ ਹੋ ਸਕਦਾ ਤੇਰੇ ਮਨ ਤੋਂ ਪਰਦਾ ਪਾਸੇ ਹੋਵੇ
ਜਾਂ ਖੁੱਲ੍ਹੇ ਦਿਲ ਦਾ ਦਰਵਾਜ਼ਾ
ਕੁਝ ਸ਼ਬਦ ਜਾ ਸਕਣ ਓਥੇ ਤੱਕ
ਜਿੱਥੇ ਮਨੁੱਖ ਨਹੀਂ ਜਾ ਸਕਦੇ
ਜਿੱਥੋਂ ਅੱਥਰੂ ਤੁਰ ਕੇ ਸਾਡੇ ਕੋਇਆਂ ਤੱਕ ਆਉਂਦੇ ਹਨ
ਜਿੱਥੇ ਹਾਸਾ ਖਿੜ੍ਹ ਖਿੜ੍ਹ ਨਿਕਲਦਾ ਹੈ
ਜਿੱਥੇ ਸੁਪਨੇ ਬਣਦੇ ਹਨ
ਜਿੱਥੋਂ ਉਦਾਸੀਆਂ ਤੇ ਚਾਅ ਪੈਦਾ ਹੁੰਦੇ ਹਨ
ਜਿੱਥੇ ਸਾਨੂੰ ਲਗਦਾ ਹੈ
ਕੁਝ ਚੀਜ਼ਾਂ ਹਨ
ਜੋ ਨਾ ਦਿਸਦੀਆਂ ਹੋਈਆਂ ਵੀ ਬੜੀਆਂ ਸੋਹਣੀਆਂ ਹਨ
ਮੈਨੂੰ ਇਹੋ ਲਗਦਾ ਹੈ

ਮੈਂ ਕਹਿਣਾ ਚਾਹੁੰਦਾ ਹਾਂ

ਤੂੰ ਮੈਨੂੰ ਅਹਿਸਾਸ ਕਰਵਾਇਆ
ਮੇਰੇ ਵਰਗੇ ਬੰਦਿਆਂ ਨੂੰ ਵੀ
ਜਿਉਂ ਲੈਣਾ ਚਾਹੀਦਾ

ਦੁੱਖ ਵੀ ਬਹੁਤ ਕੁਝ ਸਿਖਾਉਂਦਾ ਹੈ
ਦੁੱਖ ਵਿੱਚ, ਨਫ਼ਰਤ ਵਿੱਚ
ਤੇ ਮੁਹੱਬਤ ਵਿੱਚ
ਬੰਦੇ ਕੋਲ ਕਹਿਣ ਨੂੰ ਬੜਾ ਕੁਝ ਹੁੰਦਾ ਹੈ

ਪਰ ਜੇ ਕਹਿਣ ਨੂੰ ਸੱਚਮੁੱਚ ਹੀ
ਸਾਡੇ ਕੋਲ ਕੁਝ ਹੋਵੇ
ਫਿਰ ਭਾਵੇਂ ਕੰਧ ਵੱਲ ਮੂੰਹ ਕਰਕੇ ਬੈਠ ਜਾਈਏ
ਸੁਣਨ ਵਾਲੇ
ਪਿੱਛੇ ਖੜੇ ਹੀ ਸੁਣ ਲੈਂਦੇ ਹਨ

ਆਪਣੇ ਪਰਛਾਵੇਂ ਨੂੰ ਵੇਖਣ ਲਈ
ਸੂਰਜ ਵੱਲ ਪਿੱਠ ਕਰਨੀ ਪੈਂਦੀ ਹੈ

ਮੈਂ ਕਹਿਣਾ ਚਾਹੁੰਦਾ ਹਾਂ
ਰਾਜਨੀਤਕ ਲੋਕਾਂ ਨੂੰ ਵੇਖਣ ਕਦੇ ਨਾ ਜਾਣਾ
ਕਿਸੇ ਕਵੀ ਨੂੰ ਵੇਖਣ ਜਾਣਾ
ਜੋ ਸੱਚਮੁੱਚ ਦਾ ਕਵੀ ਹੋਵੇ
ਜੁਗਾੜੀਆ ਨਾ ਹੋਵੇ

ਕਿਸੇ ਸੰਤ ਨੂੰ ਵੇਖਣ ਜਾਣਾ
ਜੋ ਆਪਣੇ ਆਸ ਪਾਸ
ਭੀੜ ਇਕੱਠੀ ਕਰਨ ਦਾ ਸ਼ੌਕੀਨ ਨਾ ਹੋਵੇ

ਦਰੱਖਤਾਂ ਨੂੰ ਵੇਖਣ ਜਾਣਾ

Scanned by CamScanner

ਰਾਜਨੀਤੀ ਹਮੇਸ਼ਾ ਤੁਹਾਨੂੰ ਉਸ ਤਰ੍ਹਾਂ ਮਿਲੇਗੀ
ਜਿਵੇਂ ਮੁਹੱਬਤ ਓਹਲੇ ਲੁਕ ਕੇ
ਹਵਸ ਮਿਲਦੀ ਹੈ

ਕਵੀ ਹੋਣਾ, ਚੰਗਾ ਹੋਣਾ, ਬੁਰਾ ਹੋਣਾ ਨਹੀਂ ਹੁੰਦਾ
ਕਵੀ ਹੋਣਾ ਮੱਚਦੀ ਹੋਈ ਅੱਗ ਹੋਣਾ ਹੈ

ਕਵੀ ਹੋਣਾ, ਮੁਹੱਬਤ ਵਿੱਚ ਹੋਣਾ
ਹਰ ਘੜੀ, ਹਰ ਪਲ ਦੇ ਵਿੱਚ
ਹਜ਼ਾਰ ਵਾਰ ਮਰਨਾ ਹੈ
ਤੇ ਹਰ ਵਾਰ ਆਪਣੇ ਆਪ 'ਚੋਂ ਫਿਰ ਤੋਂ ਪੈਦਾ ਹੋਣਾ ਹੈ

ਮੈਂ ਮੌਤ ਦੀਆਂ ਅੱਖਾਂ ਵਿੱਚ ਵੇਖਿਆ ਹੈ
ਸਾਲ ਦਰ ਸਾਲ
ਫਿਰ ਸਮਝ ਆਇਆ ਜ਼ਿੰਦਗੀ ਕੀ ਹੈ
ਹੁਣ ਮੈਂ ਜਿਉਂਦਾ ਹਾਂ

ਤੇਰੀ ਅੱਖਾਂ ਵਿੱਚ ਵੇਖਿਆ
ਪਤਾ ਲੱਗਿਆ ਕਵਿਤਾ ਕੋਈ ਚੀਜ਼ ਹੈ

ਮੈਂ ਸ਼ਮਸ਼ਾਨ ਵਿੱਚ ਬੈਠ ਕੇ ਕਵਿਤਾ ਲਿਖਣੀ ਸਿੱਖੀ ਹੈ
ਓਥੇ ਕੁਝ ਵੀ ਛੋਟਾ ਵੱਡਾ ਨਹੀਂ ਹੁੰਦਾ
ਕੁਝ ਵੀ ਚੰਗਾ ਮਾੜਾ ਨਹੀਂ ਹੁੰਦਾ
ਓਥੇ ਕੁਝ ਵੀ.....ਕੁਝ ਨਹੀਂ ਹੁੰਦਾ
ਓਥੇ ਸਭ ਸਵਾਹ ਹੋ ਜਾਂਦਾ ਹੈ

ਸਵਾਹ ਵਿਭੂਤ ਵਿੱਚ ਬਦਲ ਕੇ ਪਵਿੱਤਰ ਹੁੰਦੀ ਹੈ
ਵਿਭੂਤ 'ਤੇ, ਪਵਿੱਤਰ ਮਨ 'ਤੇ
ਜਦੋਂ ਅਪਣੱਤ ਦੇ ਛਿੱਟੇ ਡਿੱਗਦੇ ਹਨ
ਕਵਿਤਾ ਉੱਗਣ ਲਗਦੀ ਹੈ

ਮੈਂ ਕਹਿਣਾ ਚਾਹੁੰਦਾ ਹਾਂ
ਮਾਵਾਂ ਦੇ ਝਾਟੇ ਰੁਲ ਜਾਂਦੇ ਹਨ
ਕੰਮਾਂ ਕਾਰਾਂ ਵਿੱਚ ਰੁੱਝਿਆਂ
ਉਹ ਨਹਾਉਂਦੀਆਂ ਨਹੀਂ, ਕਈ-ਕਈ ਦਿਨ
ਪਰ ਪੁੱਤਰਾਂ ਦੀਆਂ ਮੀਢੀਆਂ ਗੁੰਦਦੀਆਂ ਹਨ
ਧੀਆਂ ਦੇ ਸਿਰ ਵਾਹੁੰਦੀਆਂ ਹਨ
ਲੋਰੀਆਂ ਗਾਉਂਦੀਆਂ ਹਨ

ਤੇ ਕਵੀ ਕੋਲ ਮਾਂ ਵਰਗਾ ਦਿਲ ਹੋਣਾ ਚਾਹੀਦਾ
ਮਾਵਾਂ ਕਦੇ ਵੀ ਬੁਰਾ ਨਹੀਂ ਸੋਚਦੀਆਂ
ਮਾਵਾਂ ਕਦੇ ਵੀ ਡੌਂਡੀ ਨਹੀਂ ਪਿੱਟਦੀਆਂ
ਕੋਈ ਰੌਲਾ ਨਹੀਂ ਪਾਉਂਦੀਆਂ
ਆਪਣੀ ਮੁਹੱਬਤ ਦਾ
ਉਹ ਚੁੱਪ-ਚਾਪ ਅਪਣੱਤ ਨਾਲ ਭਰ ਜਾਂਦੀਆਂ ਹਨ
ਪਿਆਰ ਵਿੱਚ ਡੁੱਬ ਜਾਂਦੀਆਂ ਹਨ

ਸਾਡੇ ਕੁਝ ਕਵੀ
ਸਿਫਫ ਇਹ ਦੱਸਣ ਲਈ ਲੰਦਨ ਤੱਕ ਜਾ ਸਕਦੇ ਹਨ
ਕਿ ਉਹ ਕਵਿਤਾ ਲਿਖਦੇ ਹਨ
ਮੈਨੂੰ ਇਨ੍ਹਾਂ ਦੇ ਕਵੀ ਹੋਣ 'ਤੇ ਸ਼ੱਕ ਹੈ

ਕੁਝ ਲੋਕ ਕਿਸੇ ਖ਼ਿਆਲ ਨੂੰ
ਵੀਹ ਮਿੰਟ ਵੀ ਆਪਣੇ ਅੰਚਰ ਨਹੀਂ ਰੱਖ ਸਕਦੇ
ਤੁਹਾਡੀ ਇੱਛਾ ਹੋ ਸਕਦੀ ਹੈ
ਤੁਹਾਡੀ ਕਵਿਤਾ ਸੌ ਸਾਲ ਪੜ੍ਹੀ ਜਾਵੇ
ਇੱਕ ਆਦਮੀ ਜਿੰਨੀ ਉਮਰ ਤਾਂ ਹੋਵੇ
ਘੱਟੋ ਘੱਟ ਇੱਕ ਸਦੀ ਤਾਂ ਕੱਟੇ
ਫਿਰ ਨੌਂ ਮਹੀਨੇ ਇੱਕ ਵਿਚਾਰ ਤੁਹਾਡੇ ਕੋਲ ਰਹਿਣਾ ਬਣਦਾ ਹੈ
ਮੈਂ ਇਸ ਤਰ੍ਹਾਂ ਦਾ
ਕਾਫ਼ੀ ਕੁਝ ਕਹਿਣਾ ਚਾਹੁੰਦਾ ਹਾਂ

Scanned by CamScanner

ਤੂੰ-ਮੈਂ-ਕਵਿਤਾ ਤੇ ਡਬਰੀ ਪੈਸੇ

ਵੱਡੀਆਂ ਕਵਿਤਾਵਾਂ
ਤੇਰੇ ਵਰਗੀਆਂ ਹੁੰਦੀਆਂ ਨੇ
ਗਵਾਈਆਂ ਨਹੀਂ ਜਾ ਸਕਦੀਆਂ
ਭੁੱਲੀਆਂ ਨਹੀਂ ਜਾ ਸਕਦੀਆਂ
ਨਾਲ-ਨਾਲ ਰਹਿੰਦੀਆਂ ਨੇ

ਛੋਟੀਆਂ ਕਵਿਤਾਵਾਂ
ਸਿੱਕਿਆਂ ਵਰਗੀਆਂ
ਡਬਰੀ ਪੈਸਿਆਂ ਵਰਗੀਆਂ
ਇਨ੍ਹਾਂ ਨੂੰ ਸੰਭਾਲਣਾ ਪੈਂਦਾ
ਚੇਤੇ 'ਚੋਂ ਕਿਰ ਜਾਂਦੀਆਂ ਨੇ
ਜਿਵੇਂ ਸਿੱਕੇ ਰੁੜ ਜਾਂਦੇ ਨੇ
ਇੱਧਰ-ਓਧਰ
ਕਦੇ ਬੈੱਡ ਦੇ ਹੇਠਾਂ ਚਲੇ ਜਾਂਦੇ ਨੇ
ਕਦੇ ਵਾਸ਼ਿੰਗ ਮਸ਼ੀਨ ਵਿੱਚ
ਕਦੇ ਕਦੇ ਬੱਚੇ ਸਿੱਕਿਆਂ ਨਾਲ ਖੇਡਦੇ ਹਨ
ਉਹ ਇਨ੍ਹਾਂ ਨੂੰ ਪੈਸੇ ਨਹੀਂ ਸਮਝਦੇ
ਜਿਵੇਂ ਕਈ ਵਾਰ ਲੋਕਾਂ ਨੂੰ ਲਗਦਾ ਹੈ
ਕਵਿਤਾ ਕੋਈ ਖੇਡਣ ਦੀ ਚੀਜ਼ ਹੈ

ਤੇਰੇ ਤੋਂ ਮੇਰੇ, ਮੇਰੇ ਤੋਂ ਤੇਰੇ ਤੱਕ-ਸਫ਼ਰ

ਕੁਝ ਖਾਸ ਨਹੀਂ ਬਸ
ਕਦੇ ਕਦੇ ਉਸ ਨੂੰ ਦੱਸਣ ਚਲਿਆ ਜਾਂਦਾ ਹਾਂ
ਕਿ ਮੈਂ ਜਿਉਂਦਾ ਹਾਂ
ਉਹ ਚੁੱਪ-ਚਾਪ ਸੁਣ ਲੈਂਦੀ ਹੈ
ਮੈਂ ਵਾਪਸ ਪਰਤ ਆਉਂਦਾ ਹਾਂ
ਕੁਝ ਜੰਮਣ-ਮਰਨ ਇਸ ਤਰ੍ਹਾਂ ਦੇ ਵੀ ਹੁੰਦੇ ਹਨ
ਕੁਝ ਜੂਨਾਂ
ਇਸ ਤਰ੍ਹਾਂ ਵੀ ਭੋਗੀਆਂ ਜਾਂਦੀਆਂ ਹਨ
ਕੁਝ ਆਵਾ ਗਵਣ ਇਸ ਤਰ੍ਹਾਂ ਵੀ ਚਲਦੇ ਹਨ

ਵੇਲੇ-ਕੁਵੇਲੇ

ਬਹੁਤੀਆਂ ਔਰਤਾਂ ਦੀਆਂ
ਬਹੁਤੀਆਂ ਲੋੜਾਂ ਨਹੀਂ ਹੁੰਦੀਆਂ
ਉਹ ਬਸ ਚਾਹੁੰਦੀਆਂ ਹਨ
ਉਹਨਾਂ ਦਾ ਖਿਆਲ ਰੱਖਿਆ ਜਾਵੇ
ਦਿਨ ਵੇਲੇ
ਤੇ ਰਾਤ ਵੇਲੇ ਵੀ

ਤੇਰੇ ਮੇਰੇ ਤੱਕ ਦੀ ਦੁਨੀਆਂ

ਮੇਰੇ ਤੋਂ ਤੇਰੇ ਤੱਕ ਜੋ ਵੀ ਹੈ
ਦੁਨੀਆਂ ਹੈ
ਤੇਰੇ ਤੋਂ ਮੇਰੇ ਤੱਕ ਜੋ ਵੀ ਹੈ
ਦੁਨੀਆਂਦਾਰੀ ਹੈ
ਤੇਰੇ ਤੋਂ ਮੇਰੇ ਤੱਕ ਜੋ ਹੋ ਸਕਦੀ ਹੈ
ਉਹ ਅਪਣੱਤ ਵੀ ਹੁੰਦੀ ਹੈ

ਤੇ ਅਪਣਾਪਣ
ਜਿਹੜਾ ਜ਼ਰੂਰ ਸਾਡਾ ਆਪਣਾ ਹੁੰਦਾ ਹੈ
ਜੇ ਨਾ ਖੋਹਿਆ ਜਾਵੇ
ਭਾਵੇਂ ਕਿਸੇ ਦੇ ਨਾਂ ਕਰ ਦਿੱਤਾ ਜਾਵੇ

ਇੱਕ ਦੂਜੇ ਤੱਕ ਜਾਂਦਿਆਂ
ਇੱਕ ਦੂਜੇ ਤੱਕ ਆਉਂਦਿਆਂ
ਕੀ ਕੁਝ ਵਿਚਕਾਰ ਆ ਜਾਂਦਾ ਹੈ
ਇਸੇ ਲਈ ਮੈਂ
ਆ ਨਹੀਂ ਸਕਿਆ ਤੇਰੇ ਤੱਕ
ਤੇ ਤੂੰ ਆਪਣੇ ਆਪ ਨੂੰ
ਆਉਣ ਨਹੀਂ ਦੇ ਸਕੀ
ਮੇਰੇ ਤੱਕ.....

Scanned by CamScanner

ਚੁੱਪ ਤੋਂ ਚਾਪ ਤੱਕ

ਮੈਨੂੰ ਚੁੱਪ ਦਾ ਵਰ ਮਿਲਿਆ ਹੈ
ਪਰ ਮੈਂ ਮੂਰਖਾਂ ਵਾਂਗ ਇਸ ਨੂੰ
ਸਰਾਪ ਸਵੀਕਾਰ ਨਹੀਂ ਕੀਤਾ
ਮੈਂ ਬਸ ਤੈਨੂੰ ਲਿਖਦਾ ਰਿਹਾ ਕਾਗਜ਼ਾਂ 'ਤੇ
ਚੁੱਪ-ਚਾਪ
ਚੁੱਪ ਤੋਂ.....ਚਾਪ ਤੱਕ.....ਚੁੱਪ-ਚਾਪ

ਅਬਾਉਟ

ਮੇਰੇ ਕੋਲ ਨਾ ਆਉਣਾ...
ਮੈਂ ਠੀਕ-ਠਾਕ ਆਦਮੀ ਨਹੀਂ ਹਾਂ
ਪਿਆਰ ਕਰਨ ਲਈ ਪੈਦਾ ਹੋਇਆ ਸੀ
ਪਰ ਕਵਿਤਾ ਲਿਖਦਾ ਹਾਂ

ਸਿੱਧ-ਪੱਧਰੀ ਗੱਲ

ਮੈਂ ਤਾਂ ਇਸੇ ਤਰ੍ਹਾਂ ਦੀ ਕਵਿਤਾ ਲਿਖਦਾ ਹਾਂ
ਜਿਵੇਂ ਬੱਚੇ ਪਾਣੀ ਪੀਂਦੇ ਹਨ
ਦੋਵੇਂ ਹੱਥਾਂ ਵਿੱਚ ਗਲਾਸ ਫੜ੍ਹ ਕੇ
ਬੇਪਰਵਾਹ ਡੁੱਲ੍ਹਦੇ ਪਾਣੀ ਤੋਂ
ਜਾਂ ਜਿਵੇਂ
ਬੱਚੇ ਝੂਠ ਬੋਲਦੇ ਹਨ
ਜਿਹੜਾ ਉਸੇ ਵੇਲੇ ਫੜ੍ਹਿਆ ਜਾਂਦਾ ਹੈ

ਤੇਰੇ ਕੋਲ

ਤੇਰੇ ਬਾਰੇ ਕੁਝ ਵੀ ਲਿਖਦਿਆਂ
ਮੈਂ ਜ਼ਿੰਦਗੀ ਕੋਲ ਹੁੰਦਾ ਹਾਂ
ਇਹ ਪਲ, ਛਿਣ, ਘੜੀਆਂ
ਮੈਂ ਸਾਂਭ ਲੈਂਦਾ ਹਾਂ, ਕਾਗਜ਼ਾਂ ਅੰਦਰ
ਇਸ ਸਮੇਂ ਨੂੰ ਮੈਂ
ਸਫ਼ਿਆਂ 'ਚ ਲਪੇਟ ਕੇ ਰੱਖ ਲੈਂਦਾ ਹਾਂ
ਤੇ ਜਦੋਂ ਵੀ ਤੂੰ ਨਹੀਂ ਹੁੰਦੀ
ਜਦੋਂ ਮੇਰੇ ਕੋਲ ਜ਼ਿੰਦਗੀ ਨਹੀਂ ਹੁੰਦੀ
ਜਦੋਂ ਮੈਂ ਇਕੱਲਾ ਹੁੰਦਾ ਹਾਂ
ਜਦੋਂ ਮੈਂ ਆਪਣੇ ਆਪ ਦੇ ਕੋਲ ਵੀ ਨਹੀਂ ਹੁੰਦਾ
ਜਦੋਂ ਦੁਨੀਆਂ ਓਪਰੀ-ਓਪਰੀ ਲਗਦੀ ਹੈ
ਜਦੋਂ ਰਾਤ ਦਿਵਸ
ਸਿਰਫ਼ ਹੇਰ-ਫੇਰ ਲਗਦੇ ਹਨ
ਚਾਨਣ ਅਤੇ ਹਨੇਰੇ ਦਾ
ਜਦੋਂ ਸ਼ਾਮਾਂ ਸਿਰਫ਼ ਸੂਰਜ ਦੇ ਡੁੱਬ ਜਾਣ ਦਾ
ਕੋਈ ਨਾਮ ਹੁੰਦੀਆਂ ਹਨ
ਜਦੋਂ ਸਵੇਰੇ ਮੂੰਹ ਵਾਂਗ ਧੋ ਦਿੱਤੇ ਜਾਂਦੇ ਹਨ
ਜਦੋਂ ਰੂਹ ਤੋਂ ਸਭ ਕੁਝ ਝਾੜਨ ਨੂੰ ਦਿਲ ਕਰਦਾ ਹੈ
ਜਦੋਂ ਕੁਝ ਕੰਮ, ਘੜੰਮ ਬਣਦੇ ਹਨ
ਤੇ ਸਭ ਕੁਝ ਬਸ
ਕੁਰਲੀਆਂ ਵਾਂਗ ਕੀਤੇ ਜਾਣ ਵਰਗਾ ਹੁੰਦਾ ਹੈ

ਉਦੋਂ ਮੈਂ ਡਾਇਰੀਆਂ ਫਰੋਲਦਾ ਹਾਂ
ਤੇਰੇ ਬਾਰੇ ਲਿਖਿਆ ਪੜ੍ਹਦਾ ਹਾਂ
ਆਪਣੇ ਆਪ ਨੂੰ ਮਿਲਦਾ ਹਾਂ
ਤੈਨੂੰ ਮਿਲ ਲੈਂਦਾ ਹਾਂ
ਇਸ ਤਰ੍ਹਾਂ ਜ਼ਿੰਦਗੀ ਨੂੰ ਮਿਲ ਲਈਦਾ

ਤੈਨੂੰ ਨਹੀਂ ਪਤਾ
ਸਿਰਫ਼ ਜਿਉਂਦੇ ਹੋਣਾ ਹੀ
ਜਿਉਂਦੇ ਹੋਣਾ ਨਹੀਂ ਹੁੰਦਾ

Scanned by CamScanner

ਅਖ਼ਬਾਰ

ਕਿਸੇ ਖ਼ੂਬਸੂਰਤ ਅਭਿਨੇਤਰੀ ਦੀ ਫੋਟੋ
ਦੋ ਕੱਪੜਿਆਂ ਵਿੱਚ
ਅਖ਼ਬਾਰ ਦੇ ਪੂਰੇ ਪੰਨੇ 'ਤੇ ਛਪਦੀ ਹੈ
ਕਿਸੇ ਵਿਦਵਾਨ ਦੀ ਰਸੀਦੀ ਟਿਕਟ ਜਿੰਨੀ ਫੋਟੋ
ਕਾਮੁਕ ਤੇਲ ਦੀ ਮਸ਼ਹੂਰੀ ਨੂੰ ਜਗ੍ਹਾ ਦੇਣ ਲਈ
ਕੱਟ ਕੇ ਛੋਟੀ ਕੀਤੀ ਜਾ ਸਕਦੀ ਹੈ
ਇਸ ਤਰ੍ਹਾਂ ਦੇ ਔਗੁਣ ਭਰੇ ਚਮਤਕਾਰ
ਅਖ਼ਬਾਰਾਂ ਦੇ ਦਫ਼ਤਰਾਂ ਵਿੱਚ ਹੁੰਦੇ ਹਨ

ਅਖ਼ਬਾਰਾਂ ਦੇ ਦਫ਼ਤਰ
ਬੜੀ ਅਜੀਬ ਜਗ੍ਹਾ ਹੁੰਦੇ ਹਨ
ਉੱਥੇ ਕਤਲ ਦੀਆਂ ਖਬਰਾਂ
ਤੁਹਾਡੀਆਂ ਕਵਿਤਾਵਾਂ
ਤੇ ਕਾਮ ਵਰਧਕ ਦਵਾਈਆਂ ਦੀ ਮਸ਼ਹੂਰੀ
ਸਭ ਕੁਝ ਸਿਰਫ਼ ਮੈਟਰ ਹੁੰਦਾ ਹੈ

ਤੁਸੀਂ ਖ਼ਬਰਾਂ ਵਰਗੇ ਨਾ ਬਣਨਾ
ਲੋਕ ਦੋ ਮਹੀਨਿਆਂ ਬਾਅਦ ਭੁੱਲ ਜਾਂਦੇ ਹਨ
ਅਖ਼ਬਾਰਾਂ ਵਰਗੇ ਨਾ ਬਣਨਾ
ਰੱਦੀ ਦੇ ਵਿੱਚ ਤੁੱਲ ਜਾਂਦੇ ਹਨ

ਵੈਸੇ ਅਖ਼ਬਾਰ ਬੜੇ ਕੰਮ ਦੀ ਚੀਜ਼ ਹਨ
ਲਿਫਾਫੇ ਬਣਦੇ ਹਨ
ਸਮੋਸੇ, ਪਕੌੜੇ ਪਾ ਲਏ ਜਾਂਦੇ ਹਨ
ਘਰਾਂ ਦੀ ਸਫ਼ਾਈ ਕਰਦਿਆਂ
ਸੈਲਫ਼ਾਂ 'ਤੇ ਵਿਛਾ ਲਏ ਜਾਂਦੇ ਹਨ

ਤੁਹਾਡੀ ਫੋਟੋ ਅਖ਼ਬਾਰ 'ਚ ਕਦੇ ਛਪ ਸਕਦੀ ਹੈ
ਕੋਈ ਖ਼ਬਰ ਤੁਹਾਡੀ ਕਦੇ ਲੱਗ ਸਕਦੀ ਹੈ
ਬਹੁਤਾ ਮਾਣ ਨਾ ਕਰਨਾ
ਤੁਹਾਡੀ ਫੋਟੋ ਵਾਲਾ ਹਿੱਸਾ ਪਾੜ ਕੇ
ਥੋੜ੍ਹਾ ਜਿਹਾ ਨੱਕ ਚਾੜ੍ਹ ਕੇ
ਕੋਈ ਮਾਂ ਇਹ ਕਦਮ ਪੁੱਟ ਸਕਦੀ ਹੈ
ਤੁਹਾਡੀ ਫੋਟੋ ਵਾਲੇ ਅਖ਼ਬਾਰ ਦੇ ਟੁਕੜੇ ਨਾਲ
ਆਪਣੇ ਬੱਚੇ ਦਾ ਨੱਕ ਪੂੰਝ ਕੇ ਸੁੱਟ ਸਕਦੀ ਹੈ

ਕਿਸੇ ਡੁੱਲ੍ਹੀ ਹੋਈ ਚੀਜ਼ ਨੂੰ ਸਾਫ਼ ਕਰਨ ਲਈ
ਅਖ਼ਬਾਰ ਵਰਤਿਆ ਜਾ ਸਕਦਾ ਹੈ
ਨੀਂਦ ਨਾ ਆਉਣ 'ਤੇ ਕੋਈ ਵੀ ਤਾਜਾ ਜਾਂ ਪੁਰਾਣਾ ਅਖ਼ਬਾਰ
ਪੜ੍ਹਨ ਲਈ ਵਰਤਿਆ ਜਾ ਸਕਦਾ ਹੈ

ਟਰੇਨ ਵਿੱਚ ਸੌਣ ਲੱਗਿਆਂ, ਥੱਲੇ ਵਿਛਾਇਆ ਜਾ ਸਕਦਾ ਹੈ
ਆਪਣਾ ਮੂੰਹ ਲੁਕੋਇਆ ਜਾ ਸਕਦਾ ਹੈ
ਇਸ ਤਰ੍ਹਾਂ ਸੋਇਆ ਜਾ ਸਕਦਾ ਹੈ

ਰੋਟੀ ਖਾਣ ਲੱਗਿਆਂ, ਬੈੱਡ 'ਤੇ ਅਖ਼ਬਾਰ ਵਿਛਾ ਸਕਦੇ ਹਾਂ
ਬਸ ਥੋੜ੍ਹੀ ਜਿਹੀ ਅਕਲ ਨਾਲ
ਬੈੱਡ ਨੂੰ ਡਾਈਨਿੰਗ ਟੇਬਲ ਬਣਾ ਸਕਦੇ ਹਾਂ

ਦੁਕਾਨਦਾਰਾਂ ਦੇ ਕੰਮ ਦੀ ਚੀਜ਼ ਹਨ
ਅਖ਼ਬਾਰਾਂ ਦੀ ਰਗੜਾਈ ਨਾਲ ਸ਼ੀਸ਼ੇ ਚਮਕਾਏ ਜਾਂਦੇ ਹਨ
ਔਰਤਾਂ ਦੇ ਵਰਤਣ ਵਾਲੇ ਪੈਡ
ਇਨ੍ਹਾਂ ਵਿੱਚ ਲਪੇਟ ਕੇ ਪਕੜਾਏ ਜਾਂਦੇ ਹਨ

ਹਾਂ ਠੀਕ ਹੈ ਹਾਲ ਚਾਲ ਦੱਸਦੇ ਹਨ
ਪਰ ਬਹੁਤੇ ਵਾਰ ਅਕਸਰ

Scanned by CamScanner

ਸਭ ਕੁਝ ਬੇਹਾਲ ਦੱਸਦੇ ਹਨ

ਅਖ਼ਬਾਰਾਂ ਨੂੰ ਸੋਚ ਸਮਝ ਕੇ ਵਰਤਣਾ ਪੈਂਦਾ ਹੈ
ਅੱਗ ਬੜੀ ਛੇਤੀ ਫੜ੍ਹਦੇ ਹਨ
ਪਲੰਬਰਾਂ ਕੋਲ ਵੀ ਕੰਮ ਆਉਂਦੇ ਹਨ
ਅੱਗ ਲਗਾਈ ਜਾਂਦੀ ਹੈ
ਗਰਮ ਕਰਕੇ ਪਾਈਪ ਤੇ ਪਾਈਪ ਚੜਾਈ ਜਾਂਦੀ ਹੈ

ਕਦੇ ਕੋਈ ਗਲਤ ਖਬਰ ਵੀ ਲੱਗ ਸਕਦੀ ਹੈ
ਇਸ ਤਰ੍ਹਾਂ ਪੂਰੇ ਸ਼ਹਿਰ ਵਿੱਚ ਅੱਗ ਲੱਗ ਸਕਦੀ ਹੈ

ਇਹ ਜੋ ਕੁਝ ਵੀ ਲਿਖਿਆ ਹੈ
ਇਸ 'ਚੋਂ ਅਕਸਰ ਮੇਰੇ ਕੁਝ ਵੀ ਯਾਦ ਨਹੀਂ ਰਹਿੰਦਾ
ਬਸ ਏਨਾ ਕੁ ਯਾਦ ਰਹਿੰਦਾ ਹੈ
ਓਥੇ ਡਸਟਬੀਨ ਹੁੰਦੇ ਹਨ
ਅਖ਼ਬਾਰਾਂ ਦੇ ਦਫ਼ਤਰਾਂ ਵਿੱਚ
ਤੇ ਤੁਹਾਡੀਆਂ ਕਵਿਤਾਵਾਂ ਓਥੇ
ਕੂੜੇ ਵਿੱਚ ਬਦਲਦੀਆਂ ਹਨ

ਵੈਸੇ ਅਖਬਾਰ ਕੰਮ ਦੀ ਚੀਜ਼ ਹੁੰਦੇ ਹਨ
ਤੇ ਮੈਂ ਹਮੇਸ਼ਾ ਆਖਰੀ ਪੰਨਾ, ਪਹਿਲਾਂ ਪੜ੍ਹਦਾ ਹਾਂ
ਮੈਨੂੰ ਰਾਜਨੀਤੀ ਦੀਆਂ ਖਬਰਾਂ ਪਸੰਦ ਨਹੀਂ ਹਨ
ਰਾਜਨੀਤੀ ਵਾਲਾ ਬੰਦਾ
ਕਦੋਂ ਕਿਸੇ ਦਾ ਮਿੱਤ ਹੋ ਸਕਦਾ
ਬਿਆਨਬਾਜ਼ੀ ਵਿੱਚ ਤਾਂ ਸੁਆਰਥ ਹੁੰਦਾ ਹੈ ਅਕਸਰ
ਕਦੋਂ ਬਿਆਨਾਂ ਦੇ ਵਿੱਚ
ਸਭ ਦਾ ਹਿੱਤ ਹੋ ਸਕਦਾ
ਇਸੇ ਲਈ ਮੈਂ ਨਹੀ ਪੜ੍ਹਦਾ ਇਸ ਤਰ੍ਹਾਂ ਦੀਆਂ ਖਬਰਾਂ
ਐਵੇਂ ਭੇੜਾ ਚਿੱਤ ਹੋ ਸਕਦਾ

ਕਵਿਤਾ ਦਾ ਲੜ ਫੜ੍ਹਦਿਆਂ

ਸਭ ਨੂੰ ਪਤਾ ਨਹੀਂ ਹੁੰਦਾ
ਕਾਮ ਅਤੇ ਹਵਸ ਵਿਚਲਾ ਫ਼ਰਕ
ਕ੍ਰੋਧ ਅਤੇ ਅਣਖ ਵਿਚਲਾ ਅੰਤਰ
ਲੋਭ ਅਤੇ ਲੋੜ ਵਿਚਲਾ ਫਾਸਲਾ
ਮੋਹ ਅਤੇ ਮੁਹੱਬਤ ਵਿਚਲੀ ਦੂਰੀ
ਹੰਕਾਰ ਅਤੇ ਮਾਣ ਦਾ ਵਖਰੇਵਾਂ
ਤਰੱਕੀ ਕਰਦਿਆਂ
ਕੀ ਕੁਝ ਭੁੱਲ ਗਿਆ ਹੈ ਮਨੁੱਖ

ਇੱਕ ਔਰਤ ਬਣਦਿਆਂ
ਦੁਨੀਆਂਦਾਰ ਹੁੰਦਿਆਂ
ਤੇਰੇ ਵਿੱਚੋਂ ਮਨਫ਼ੀ ਹੋ ਗਈ ਹੈ
ਉਹ ਕੁੜੀ

ਤੇ ਕਵਿਤਾ ਦਾ ਲੜ ਫੜ੍ਹਦਿਆਂ
ਮੈਂ ਆਦਮੀ ਨਹੀਂ ਰਿਹਾ

ਪਹਿਲਾਂ-ਬਾਅਦ

ਮੁਹੱਬਤ ਕਰਨ ਤੋਂ ਪਹਿਲਾਂ
ਆਦਮੀ, ਆਦਮੀ ਨਹੀਂ ਹੁੰਦਾ
ਮੁਹੱਬਤ ਕਰਨ ਤੋਂ ਬਾਅਦ
ਆਦਮੀ, ਆਦਮੀ ਨਹੀਂ ਰਹਿੰਦਾ

Scanned by CamScanner

ਵਿਦਵਤਾ

ਮਨੁੱਖ ਤਾਂ ਇਹ ਵੀ ਹੁੰਦਾ ਹੈ
ਚੁੰਮਣਾ ਦੀ ਬਾਇਓਲਜੀ ਪੜ੍ਹਨ ਲਗਦਾ ਹੈ
ਜੱਫ਼ੀਆਂ ਦੀ ਕਮਿਸਟਰੀ
ਰਿਸ਼ਤਿਆਂ ਨੂੰ ਅਲਜ਼ਬਰੇ ਵਾਂਗ ਹੱਲ ਕਰਦਾ ਹੈ
ਫਿਰ ਸੋਚਦਾ ਹੈ, ਆਨੰਦ ਕਿੱਥੇ ਹੈ

ਤੁਸੀਂ ਸਾਂਭੋ ਆਪਣੀ ਅਕਲ
ਆਪਣੇ ਕੋਲ ਰੱਖੋ ਆਪਣੀ ਵਿਦਵਤਾ
ਜਿਹੜੇ ਲੋਕ ਨਹੀਂ ਜਾਣਦੇ
ਇੱਕ ਚਾਨਣ ਹੈ
ਜੋ ਬੱਚਿਆਂ ਦੇ ਹੱਸਣ ਨਾਲ ਪੈਦਾ ਹੁੰਦਾ ਹੈ
ਇੱਕ ਚਿਣਗ ਹੈ
ਜੋ ਮਾਂ ਦੀ ਅਸੀਸ ਚੋਂ ਰੌਸ਼ਨ ਹੁੰਦੀ ਹੈ
ਉਹਨਾਂ ਕੋਲ ਸ਼ਬਦ
ਕਦੇ ਕਵਿਤਾ ਨਹੀਂ ਹੁੰਦੇ

ਵਸਲ

ਮੈਂ ਤੇਰੇ ਅੰਦਰ
ਆਪਣੇ ਆਪ ਨੂੰ ਖੋਜ਼ ਲਵਾਂਗਾ
ਤੂੰ ਮੇਰੇ ਅੰਦਰ
ਆਪਣੇ ਆਪ ਨੂੰ ਲੱਭ ਲਵੀਂ
ਆ ਕੁਝ ਇਸ ਤਰ੍ਹਾਂ
ਆਪਣੇ ਆਪ ਨੂੰ ਮਿਲਦੇ ਹਾਂ

ਚੱਕਰ-ਕਾਂਡ

ਅਸੀਂ ਕਿੰਨੇ ਅਜੀਬ ਲੋਕ ਹਾਂ
ਵਿਆਹ ਵਿੱਚੋਂ ਮੁਹੱਬਤ ਲੱਭਣ ਲੱਗਦੇ ਹਾਂ
ਮੁਹੱਬਤ ਨੂੰ
ਵਿਆਹ ਤੱਕ ਲਿਜਾਣਾ ਚਾਹੁੰਦੇ ਹਾਂ
ਇਸੇ ਚੱਕਰ- ਕਾਂਡ ਵਿੱਚ
ਖੁਦ ਹੀ ਗੁੰਮ ਜਾਂਦੇ ਹਾਂ
ਇਸੇ ਲੱਭਣ ਗਵਾਉਣ ਵਿੱਚ
ਜ਼ਿੰਦਗੀ ਜਿਉਣਾ ਭੁੱਲ ਜਾਂਦੇ ਹਾਂ

ਅਸੀਂ ਬੱਚੇ ਨਹੀਂ ਰਹੇ

ਬੱਚੇ ਤਾਂ ਨਿੱਕੀ-ਨਿੱਕੀ ਗੱਲ 'ਤੇ
ਖਿੜ-ਖਿੜਾ ਕੇ ਹੱਸਦੇ ਨੇ, ਢਿੱਡ ਫੜ੍ਹ ਕੇ

ਬੇਸੁੱਧ ਹੋ ਕੇ ਸੌਂ ਜਾਂਦੇ ਹਨ

ਨੰਗੇ-ਅਧਨੰਗੇ ਭੱਜ ਲੈਂਦੇ ਨੇ
ਕੁਲਫ਼ੀਆਂ ਦੀਆਂ ਰੇੜ੍ਹੀਆਂ ਮਗਰ

ਪਰ ਅਸੀਂ ਬੱਚੇ ਨਹੀਂ ਰਹੇ ਹੁਣ
ਛੋਟੀਆਂ-ਮੋਟੀਆਂ ਗੱਲਾਂ ਨਾਲ ਕਿੱਥੇ ਸਰਦਾ ਹੁਣ

ਅਸੀਂ ਚਾਹੁੰਦੇ ਹਾਂ, ਪੂਰੀ ਦੀ ਪੂਰੀ ਦੁਨੀਆ
ਜੱਫੀ ਵਿੱਚ ਭਰ ਲੈਣਾਂ ਚਾਹੁੰਦੇ ਹਾਂ
ਸਾਰਾ ਬ੍ਰਹਿਮੰਡ

ਤੇ ਫਿਰ ਮੈਂ
ਤੇਰੇ ਬਾਰੇ ਸੋਚਣ ਲਗਦਾ ਹਾਂ

Scanned by CamScanner

ਕਾਗਜ਼ ਕਿੰਨੇ ਮੇਰੇ ਹਨ

ਕਵਿਤਾ ਮੇਰੇ ਕੋਲ
ਗੱਲਬਾਤ ਹੁੰਦੀ ਹੈ
ਤੇਰੇ ਮੇਰੇ ਵਿਚਕਾਰ
ਤੂੰ ਨਹੀਂ ਸੁਣਦੀ
ਕਾਗਜ਼ ਸੁਣ ਲੈਂਦੇ ਹਨ

ਬਸ ਏਨਾ ਹੀ

ਮੈਂ ਤੇਰੇ ਕੋਲੋਂ
ਆਪਣਾ ਆਪ ਮੰਗਦਾ ਹਾਂ
ਮੈਨੂੰ ਮੋੜ ਦੇ

ਸੱਚੀਂ
ਮੈਂ ਹੋਰ ਕਿਤੇ ਚਲਿਆ ਜਾਵਾਂਗਾ

ਤਰਸ

ਇਹ ਦੁਨੀਆਂ ਹੈ
ਤੇ ਇੱਥੇ ਸਾਡੀ ਮਰਜ਼ੀ
ਸਿਰਫ਼ ਮਰਨ ਵੇਲੇ ਹੀ ਪੁੱਛੀ ਜਾਂਦੀ ਹੈ

ਸੁਰ-ਤਾਲ

ਕਵਿਤਾ ਲਿਖਣਾ
ਮੁਹੱਬਤ ਕਰਨਾ
ਜ਼ਿੰਦਗੀ ਦੇ ਕੂੜੇ 'ਚੋਂ
ਗਵਾਚੀ ਹੋਈ ਝਾਂਜਰ ਲੱਭਣਾ ਹੈ
ਤਾਂ ਕਿ ਕੁਝ ਤਾਂ ਹੋਵੇ
ਛਣ-ਛਣ ਵਰਗਾ

ਉਹ ਆਖਦੀ ਹੈ

ਉਹ ਆਖਦੀ ਹੈ
ਮੇਰਾ ਸੁਪਨਾ ਗੁੰਮ ਗਿਆ ਹੈ ਕੋਈ
ਜ਼ਿੰਦਗੀ ਦੇ ਸਫ਼ਰ ਵਿੱਚ
ਕਿਤੇ ਠੇਡਾ ਖਾਂਦਿਆਂ
ਡਿੱਗ ਪਿਆ ਹੋਣਾ
ਫਿਰ ਤੋਂ ਸੰਭਲਦਿਆਂ, ਉਠਦਿਆਂ

ਮੈਂ ਕਿਹਾ ਫ਼ਿਕਰ ਨਾ ਕਰ
ਮੇਰੇ ਸਾਰੇ ਸੁਪਨੇ ਤੂੰ ਰੱਖ ਲੈ
ਮੈਂ ਲੱਭ ਲਿਆਵਾਂਗਾ ਤੇਰਾ ਸੁਪਨਾ
ਆਪਣੇ ਲਈ

Scanned by CamScanner

ਕੁਦਰਤ

ਪਾਣੀ ਅੱਗ ਨੂੰ
ਕਦੇ ਵੀ ਸਮਝਾਉਣ ਨਹੀਂ ਜਾਂਦਾ
ਕਿ ਉਹ ਐਂਵੇਂ
ਲੋਕਾਂ ਦੇ ਘਰ-ਬਾਰ ਨਾ ਬਾਲਿਆ ਕਰੇ
ਪਾਣੀ ਆਪਣਾ ਕੰਮ ਕਰਦਾ ਹੈ

ਇੱਕ ਦੂਜੇ ਨੂੰ ਸਮਝਾਉਣ ਲਈ
ਸਿਰਫ਼ ਮਨੁੱਖ ਜਾਂਦੇ ਹਨ
ਮਨੁੱਖ ਆਪਣਾ ਕੰਮ ਭੁੱਲ ਚੁੱਕਾ ਹੈ

ਹੋਰ ਕੁਝ ਨਹੀਂ

ਵੱਡੇ ਵੱਡੇ ਨੇ ਫ਼ਲਸਫ਼ੇ
ਬਹੁਤ ਹੈ ਗਿਆਨ, ਧਿਆਨ
ਗੱਲਾਂ ਸਿਰਫ਼ ਦੋ ਨੇ
ਤੂੰ ਮਿਲਿਆ ਨਹੀਂ
ਹੋਰ ਕੁਝ ਚਾਹੀਦਾ ਨਹੀਂ

ਹਮੇਸ਼ਾ ਯਾਦ ਰੱਖੀਂ

ਚਲ ਕੋਈ ਨਾ, ਰੋ ਲਿਆ ਕਰ
ਕਦੇ ਕਦੇ ਚੰਗਾ ਹੁੰਦਾ
ਮਨ ਹੌਲਾ ਹੋ ਜਾਂਦਾ
ਜੋ ਅੱਖ ਕਦੇ ਨਹੀਂ ਰੋਈ
ਉਹ ਪੱਥਰ ਦੀ ਹੋਵੇਗੀ
ਤੇ ਇਸ ਤਰ੍ਹਾਂ ਰੋਂਦਿਆਂ
ਤੂੰ ਕਦੇ ਵੀ ਕਲਪ ਲਵੀਂ ਮੇਰੇ ਖੁੱਲ੍ਹੇ ਹੱਥ
ਆਪਣਾ ਸੋਹਣਾ ਮੂੰਹ ਰੱਖਣ ਲਈ
ਜਾਂ ਫਿਰ ਕਲਪ ਲਵੀਂ ਮੇਰਾ ਮੋਢਾ
ਸਿਰ ਰੱਖਣ ਲਈ
ਪਰ ਹਮੇਸ਼ਾ ਯਾਦ ਰੱਖੀ
ਮੈਂ ਕਦੀ ਵੀ ਤੇਰੇ ਅੱਥਰੂਆਂ ਦੀ
ਵਜ੍ਹਾ ਬਣਨੀਂ ਪਸੰਦ ਨਹੀਂ ਕਰਾਂਗਾ

ਮੇਰੇ ਕੋਲ ਆਵੀਂ

ਭੁੱਲ ਜਾਵੀਂ
ਸਾਰੀ ਦੁਨੀਆਂਦਾਰੀ
ਝਟਕ ਦੇਵੀਂ
ਸਿਰ 'ਚੋਂ ਸਾਰੇ ਖਿਆਲ
ਵਿਸਾਰ ਦੇਵੀਂ
ਮਨ 'ਚੋਂ ਹਰ ਚੇਤਾ
ਮੈਂ ਸਾਰੇ ਖਲਾਅ ਨੂੰ
ਅਪਣੱਤ ਨਾਲ ਭਰ ਦਿਆਂਗਾ

Scanned by CamScanner

ਅਸੀਂ ਮਨੁੱਖ ਹਾਂ

ਕੁਝ ਲੋਕ ਸੋਚਦੇ ਹਨ
ਔਰਤਾਂ ਵਸਤੂਆਂ ਹਨ
ਆਦਮੀ ਮਸ਼ੀਨਾਂ

ਜੇ ਇਸ ਤਰ੍ਹਾਂ ਹੁੰਦਾ
ਸਾਨੂੰ ਕਦੇ ਵੀ ਲੋੜ ਨਾ ਹੁੰਦੀ
ਸੰਗੀਤ ਦੀ
ਮੁਹੱਬਤ ਦੀ
ਕਵਿਤਾਵਾਂ ਦੀ

ਤੇ ਤੈਨੂੰ ਮੇਰੀ
ਤੇ ਮੈਨੂੰ ਤੇਰੀ

ਤਜ਼ਰਬਾ

ਮੈਂ ਆਪਣੇ ਕਾਮ ਨੂੰ
ਸ਼ਰਮ ਬਣਾ ਕੇ ਪੀਤਾ ਹੈ
ਸੰਸਕਾਰ ਬਣਾ ਕੇ ਹੰਢਾਇਆ ਹੈ

ਇਸੇ ਲਈ ਸਪਰਸ਼ ਦੀ
ਹਰ ਇੱਕ ਪਰਿਭਾਸ਼ਾ ਜਾਣਦਾ ਹਾਂ

ਆਪੇ-ਆਪ

ਮੈਨੂੰ ਸੱਚੀਂ ਨਹੀਂ ਪਤਾ
ਕੀ ਹੁੰਦੀ ਹੈ ਕਵਿਤਾ
ਜਦੋਂ ਕਦੇ ਵੀ ਤੂੰ, ਮੈਂ ਤੇ ਖਿਆਲ
ਇੱਕ-ਮਿੱਕ ਹੁੰਦੇ ਹਨ
ਬਸ ਚੁੱਪ-ਚਾਪ
ਅੱਗੇ ਪਿੱਛੇ ਤੁਰਨ ਲਗਦੇ ਹਨ
ਪੈਂਤੀ ਦੇ ਪੈਂਤੀ ਅੱਖਰ

ਚਲ ਕੁਝ ਸਕੂਨ ਲੱਭੀਏ

ਧਰਮ ਨੂੰ ਸਮਝ ਸਕੀਏ
ਹਾਲੇ ਏਨੇ ਵੱਡੇ ਨਹੀਂ ਹੋਏ
ਮੁਹੱਬਤ ਦੀ ਗੱਲ ਕਰਦਿਆਂ
ਗਿਲੇ ਸ਼ਿਕਵੇ ਸ਼ੁਰੂ ਹੋ ਜਾਂਦੇ ਨੇ
ਰਾਜਨੀਤੀ ਤਾਂ ਹਮੇਸ਼ਾ ਤੋਂ
ਗੰਦੀ ਖੇਡ ਬਣੀ ਰਹੀ ਹੈ

ਆ ਬਦਲਦੇ ਮੌਸਮ ਦੀ ਗੱਲ ਕਰੀਏ
ਪੁੰਗਰਦੇ ਪੱਤਿਆਂ ਦੀ
ਖਿੜ੍ਹਦੇ ਫੁੱਲਾਂ ਦੀ
ਛੱਡ ਤੂੰ, ਤੂੰ, ਮੈਂ,ਮੈਂ
ਦੋ ਘੜੀਆਂ ਕੋਲ ਹੀ ਬਹਿਣਾ ਹੈ
ਕੁਝ ਸਕੂਨ ਹੀ ਲੱਭਣਾ ਹੈ, ਭਟਕਣ 'ਚੋਂ
ਇੱਕ ਦੂਜੇ ਦੀ ਚੁੱਪ ਹੀ ਸੁਣ ਲਈਏ
ਆ ਚੱਲ, ਹੋਰ ਕੋਈ ਗੱਲ ਕਰੀਏ

Scanned by CamScanner

ਹਰ ਰੋਜ਼

ਇਹ ਸਾਰੀ ਕਵਿਤਾ ਤੇਰੀ ਹੈ
ਪਰ ਤੂੰ ਹੀ ਨਹੀਂ ਪੜ੍ਹੀ
ਇਹ ਮੇਰੀ ਜ਼ਿੰਦਗੀ ਦਾ
ਸਭ ਤੋਂ ਵੱਡਾ ਚੁਟਕਲਾ ਹੈ
ਜਿਸ ਨੂੰ ਮੈਂ ਰੋਜ਼ ਸੁਣਦਾ ਹਾਂ
ਤੇ ਇਸ ਨੂੰ ਸੁਣਦਿਆਂ
ਕਦੇ ਹੱਸਣ ਲਗਦਾ ਹਾਂ
ਕਦੇ ਰੋਣ ਲਗਦਾ ਹਾਂ

ਪੂਰਨਤਾ ਵੱਲ ਤੁਰਦਿਆਂ

ਤੇਰੇ ਤੱਕ ਆਇਆ ਸੀ
ਮੈਂ ਸਾਰੇ ਦਾ ਸਾਰਾ, ਸਾਬਤ ਬਾਬਤ
ਵਾਪਸ ਪਰਤ ਆਇਆ
ਆਪਣਾ ਅੱਧ ਲੈ ਕੇ
ਅੱਧਾ ਤੇਰੇ ਕੋਲ ਰਹਿ ਗਿਆ ਹਾਂ

ਤੇ ਹੁਣ ਮੈਂ ਆਪਣੇ ਹੀ ਅੱਧ ਨੂੰ ਉਡੀਕਦਾ ਹਾਂ
ਆਪਣੇ ਆਪ ਨੂੰ ਮਿਲਣ ਦੀ ਕੋਸ਼ਿਸ਼ ਕਰਦਾ ਹਾਂ

ਸਿਦਕ-ਸਬਰ

ਤੁਹਾਡੇ ਸਬਰ ਦੀ ਵਜ੍ਹਾ ਨਾਲ ਹੀ
ਸ਼ਬਦ ਕਵਿਤਾ ਹੋਣ ਲਗਦੇ ਹਨ
ਤੇ ਇੰਤਜ਼ਾਰ ਦੀ ਸਿਖ਼ਰ ਹੀ
ਮੁਹੱਬਤ ਨੂੰ ਪ੍ਰਮਾਤਮਾ ਕਰਦਾ ਹੈ

ਇਹ ਜਾਦੂ ਹੋ ਜਾਵੇ

ਇੱਕ ਇਲਮ ਜਗਾ ਕੇ ਵੇਖਣਾ ਹੈ
ਇੱਕ ਜਾਦੂ ਚਲਾ ਕੇ ਵੇਖਣਾ ਹੈ
ਅਸੀਂ ਆਪਣੇ ਨਹੀਂ ਰਹਿਣਾ
ਬਸ ਤੇਰੇ ਹੋਣਾ ਹੈ
ਖੁਦ ਦੇ ਨਾਲ ਹੁਣ ਤਾਂ
ਇੱਕ ਦਗਾ ਕਮਾ ਕੇ ਵੇਖਣਾ ਹੈ

ਮੈਂ ਕਦੋਂ ਕਿਹਾ ਹੈ
ਤੂੰ ਮਿੱਟੀ ਨਹੀਂ ਹੈਂ
ਮੈਂ ਕਦੋਂ ਕਿਹਾ ਹੈ
ਤੂੰ ਮਨੁੱਖ ਨਹੀਂ ਹੈਂ
ਅਸੀਂ ਤਾਂ ਮਿੱਟੀ ਨੂੰ ਹੁਣ
ਖੁਦਾ ਬਣਾ ਕੇ ਵੇਖਣਾ ਹੈ

ਤੇਰੇ ਕਰਕੇ

ਅੱਖਾਂ ਤੇਰੀਆਂ ਦੇ ਭਾਰੇ ਛੱਪਰ
ਕਿੰਨੇ ਪਿਆਰੇ ਪਿਆਰੇ ਛੱਪਰ

ਇੱਕ ਤੇਰੇ ਨਿੱਘ ਬੋਲਾਂ ਦਾ
ਖੋਹ ਲੈਂਦਾ ਹੈ ਸਾਰੇ ਕੱਕਰ

ਮੁੱਖ ਤੇਰੇ ਦੀ ਲਾਲੀ ਚੁੰਮ ਕੇ
ਸੂਹੇ ਹੋ ਗਏ ਸਾਰੇ ਅੱਖਰ

Scanned by CamScanner

ਆਤਮਘਾਤ

ਜ਼ਹਿਰ ਦੀਆਂ ਬਹੁਤ ਕਿਸਮਾਂ ਹਨ
ਕਈ ਵਾਰ ਇੰਤਜ਼ਾਰ
ਉਡੀਕ ਤੋਂ ਜ਼ਹਿਰ ਵਿੱਚ ਬਦਲਦਾ ਹੈ
ਤੇ ਸਾਡੇ ਕੁਝ ਸਾਹ
ਸਾਨੂੰ ਹੀ ਖਾ-ਪੀ ਕੇ ਮਰ ਜਾਂਦੇ ਹਨ

ਵੱਡੇ ਹੋਣ ਦਾ ਮਤਲਬ

ਬੱਚਿਆਂ ਨੂੰ ਨਹੀਂ ਪਤਾ ਹੁੰਦਾ
ਨੰਗੇ ਹੋਣ ਦਾ ਮਤਲਬ
ਢਕੇ ਹੋਣ ਦਾ ਫਾਇਦਾ

ਅਸੀਂ ਵੱਡੇ ਹਾਂ
ਨੰਗੇ ਹੋਣ ਦੇ
ਸਾਨੂੰ ਬਹੁਤ ਮਤਲਬ ਪਤਾ ਹੁੰਦੇ ਹਨ

ਸਿਆਣਪ ਨਹੀਂ

ਨਹੀਂ ਨਹੀਂ
ਸਿਆਣਪ ਕੰਮ ਨਹੀਂ ਕਰੇਗੀ
ਔਰਤਾਂ ਨੂੰ ਜਾਣਨ ਲਈ, ਸਮਝਣ ਲਈ
ਹਾਂ, ਮੁਹੱਬਤ ਬਾਰੇ ਸੋਚ ਸਕਦੇ ਹੋ

ਜਾਂ ਬੱਚਿਆਂ ਵਰਗੇ ਬਣਨਾ
ਉਹਨਾਂ ਨੂੰ ਅਸੀਂ ਪਲੇਟ ਵਿੱਚ ਰੱਖ ਕੇ
ਰੋਟੀ ਦਿੰਦੇ ਹਾਂ
ਉਹ ਰੋਟੀ ਹੱਥ ਵਿੱਚ ਚੁੱਕ ਲੈਂਦੇ ਹਨ
ਤੇ ਆਪ ਪਲੇਟ ਵਿੱਚ ਬਹਿ ਜਾਂਦੇ ਹਨ

ਕਿੰਨਾਂ ਕੁਝ ਹੈ ਮਾਂ ਹੋਣਾ

ਹਸਪਤਾਲ ਵਿੱਚੋਂ
ਤੇਰਾ ਫੋਨ ਆਉਂਦਾ ਹੈ
ਇੱਕ ਕੌਲੀ ਛੋਲੇ ਭਿਉਂ ਦੇਣਾ
ਬੱਚੇ ਸ਼ੌਂਕ ਨਾਲ ਖਾਂਦੇ ਹਨ

ਮੈਂ ਸੋਚਣ ਲਗਦਾ ਹਾਂ
ਇੱਕ ਮਾਂ ਦਾ ਜੀਅ
ਕਿੰਨੇ ਛੋਟੇ, ਛੋਟੇ
ਫ਼ਿਕਰਾਂ ਨਾਲ ਭਰਿਆ ਹੁੰਦਾ ਹੈ

Scanned by CamScanner

ਤੇਰੇ ਮੇਰੇ ਵਿਚਕਾਰ

ਮੈਂ ਸਿਆਣਾ ਆਦਮੀ ਨਹੀਂ ਹਾਂ
ਬਹੁਤਾ ਕੁਝ ਜਾਣਦਾ ਵੀ ਨਹੀਂ
ਬਸ ਇੱਕੋ ਚਮਤਕਾਰ ਬਾਰੇ ਪਤਾ ਹੈ

ਤੇਰੇ ਮੇਰੇ ਵਿਚਕਾਰ
ਕੁਝ ਵੀ ਆ ਜਾਵੇ
ਕਵਿਤਾ ਹੋਣ ਲਗਦਾ ਹੈ

ਚੁਕਵੀਂ ਥਾਂ

ਸਭ ਕੁਝ ਕਿੱਥੇ ਸਾਂਭ ਹੁੰਦਾ ਹੈ ਅੰਦਰ
ਇਹ ਤਾਂ ਸ਼ਬਦ ਹਨ
ਕੀ ਕੁਝ ਸੰਭਾਲ ਲੈਂਦੇ ਨੇ

ਕੋਈ ਖਿਆਲ, ਕੋਈ ਸੁਪਨਾ
ਕੁਝ ਲਿਖ ਕੇ ਕਾਗਜ਼ 'ਤੇ ਤੇਰੇ ਬਾਰੇ
ਏਧਰ-ਓਧਰ ਰੱਖ ਦਿੰਦਾ ਹਾਂ

ਬਹੁਤ ਸਮਾਨ, ਕਾਫੀ ਕੰਮ ਆਉਂਦਾ ਹੈ
ਕੁਰਸੀ ਹੈ, ਟੇਬਲ ਵੀ ਹੈ
ਪਰ ਅੱਗ
ਦਰਾਜਾਂ 'ਚ ਰੱਖਣ ਦੀ ਚੀਜ਼ ਨਹੀਂ ਹੁੰਦੀ

ਹਰੇ ਪੱਤੇ

ਪੱਤਝੜ ਵਿੱਚ ਡਿੱਗਦੇ ਪੱਤੇ
ਥੋੜ੍ਹੀ ਜਿਹੀ ਅਵਾਜ਼ ਕਰਦੇ ਹਨ

ਕਈ ਵਾਰ ਅੰਦਰਵਾਰ
ਕੁਝ ਸੁਫ਼ਨੇ, ਰੀਝਾਂ, ਅਰਮਾਨ
ਗਿੱਲੇ ਪੱਤਿਆਂ ਵਾਂਗ ਟੁੱਟਦੇ ਹਨ

ਚੁੱਪ-ਚਾਪ
ਮਿੱਧੇ ਜਾਣ, ਮਸਲੇ ਜਾਣ
ਅਵਾਜ਼ ਹੀ ਨਹੀਂ ਕਰਦੇ
ਹਰੇ ਪੱਤੇ

ਸਭ ਸਾਡੇ 'ਤੇ ਹੈ

ਮੁਹੱਬਤ ਦੀ ਕੀਮਤ ਓਨੀ ਕੁ ਹੁੰਦੀ ਹੈ
ਜਿੰਨੀ ਕੁ ਕਰ ਪਾਉਂਦੇ ਹਾਂ
ਸ਼ਬਦਾਂ ਦੀ ਕੀਮਤ
ਓਨੀ ਕੁ ਹੁੰਦੀ ਹੈ
ਜਿੰਨੇ ਕੁ ਸਮਝ ਪਾਉਂਦੇ ਹਾਂ

Scanned by CamScanner

ਉਰ੍ਹੇ ਪਰ੍ਹੇ

ਕੁਝ ਲੋਕ
ਆਪਣੇ ਤੋਂ ਉਰ੍ਹੇ ਹੀ ਮੁੱਕ ਜਾਂਦੇ ਹਨ
ਕੁਝ ਲੋਕ
ਆਪਣੇ ਤੋਂ ਪਰ੍ਹੇ ਤੋਂ ਸ਼ੁਰੂ ਹੁੰਦੇ ਹਨ

ਮੈਂ ਤੈਨੂੰ
ਔਰਤ ਤੋਂ ਪਰ੍ਹੇ ਤੱਕ ਜਾਣਦਾ ਹਾਂ
ਜਿੱਥੇ ਸਾਰੇ ਸਵਾਦ
ਅਨੰਦ ਵਿੱਚ ਤਬਦੀਲ ਹੁੰਦੇ ਹਨ

ਮੌਸਮ

ਮੈਂ ਉਸ ਰੁੱਤ ਚੋਂ ਲੰਘਿਆ ਹਾਂ
ਜਦੋਂ ਮਨੁੱਖ ਬਿਰਖ਼ ਬਣਦੇ ਹਨ
ਹੁਣ ਪੱਤਝੜ ਚੱਲ ਰਹੀ ਹੈ
ਤੇ ਕੀ ਪਤਾ
ਤੇਰੇ ਨਾਮ ਦਾ ਪੱਤਾ ਵੀ ਡਿੱਗ ਜਾਵੇ

ਹਾਲ-ਬੇਹਾਲ

'ਕੀ ਹਾਲ ਹੈ' ?
ਕਿੰਨਾਂ ਦੁਨੀਆਂਦਾਰ ਸਵਾਲ ਹੈ
ਕੀ ਤੈਨੂੰ ਨਹੀਂ ਪਤਾ
ਕੋਈ ਵੀ ਬਿਨਾਂ ਕਿਸੇ ਦੇ
ਕਿਸ ਹਾਲ 'ਚ ਹੁੰਦਾ ਹੈ ?

ਬੰਬੀਹਾ

ਉਹ ਬੈਠਾ ਤੇਰੇ ਅੰਦਰ
ਤੇਰਾ ਪਤੰਦਰ
ਨੀ ਬੰਬੀਹਾ ਬੋਲੇ ।

ਮਿਲ ਜਾਵੇ ਓਹ ਅੰਦਰ
ਲੱਭ ਕੋਈ ਐਸਾ ਮੰਜ਼ਰ
ਨੀ ਬੰਬੀਹਾ ਬੋਲੇ ।

ਬੰਦਾ ਬੰਦੇ ਨਾਲ ਜੁੜਿਆ ਨਾਹੀਂ
ਲੱਖ ਤੋੜੇ ਮਸਜਿਦ, ਮੰਦਰ
ਨੀ ਬੰਬੀਹਾ ਬੋਲੇ ।

ਨੀਤ ਵੀ ਕਦੇ ਬਦਲੀਂ ਤੂੰ
ਬਦਲੇਂ ਨਿੱਤ ਕਲੰਡਰ
ਨੀ ਬੰਬੀਹਾ ਬੋਲੇ ।

ਛੋਟੀਆਂ-ਮੋਟੀਆਂ ਚੀਜ਼ਾਂ ਖਾਤਰ
ਬੰਦੇ ਬਣਦੇ ਕੰਜ਼ਰ
ਨੀ ਬੰਬੀਹਾ ਬੋਲੇ ।

ਬਾਜ ਮੁਹੱਬਤ ਦੁਨੀਆਂ ਅੰਦਰ
ਤਾਜ ਹੁੰਦੇ ਨੇ ਖੰਡਰ
ਨੀ ਬੰਬੀਹਾ ਬੋਲੇ ।

ਇਹ ਮਨ ਹੈ ਬੜਾ ਕਲੰਦਰ
ਏਹਨੂੰ ਜਿੱਤ ਨਾ ਸਕੇ ਸਿਕੰਦਰ
ਨੀ ਬੰਬੀਹਾ ਬੋਲੇ ।

Scanned by CamScanner

ਏਨਾ ਕੁਝ ਹੁੰਦਿਆਂ

ਬਸ ਬੋਲ ਕੋਈ ਦਿਲ ਵਿੱਚ
ਫੁੱਲ ਬਣ ਕੇ ਖਿੜ੍ਹ ਸਕਿਆ ਨਹੀਂ
ਉਂਝ ਤਾਂ ਉਹ ਗੱਲਾਂ ਦਾ ਜੰਗਲ
ਸਿਰ 'ਤੇ ਲਈ ਫਿਰਦਾ ਹੈ

ਖ਼ੁਦਗਰਜ਼ੀਆਂ

ਰਿਸ਼ਤਿਆਂ ਨੂੰ ਕਦੇ ਵੀ ਜੰਗਾਲ ਨਹੀਂ ਲਗਦੀ
ਭਾਵੇਂ ਮੁੱਦਤਾਂ ਪੁਰਾਣੇ ਹੋਣ
ਇਹ ਤਾਂ ਤੋੜ ਦਿੱਤੇ ਜਾਂਦੇ ਹਨ
ਵਰਤ ਲਏ ਜਾਂਦੇ ਹਨ
ਜਾਂ ਇਨ੍ਹਾਂ ਨੂੰ ਮਿੱਧ ਮਸਲ ਕੇ
ਅਸੀਂ ਅੱਗੇ ਲੰਘ ਜਾਂਦੇ ਹਨ

ਸਵਾਲ-ਜਵਾਬ

ਪਾਣੀ ਵੀ ਹੈ ਡੁੱਲ੍ਹਦਾ
ਸੁਪਨੇ ਵੀ ਤਰਦੇ
ਸਾਰੇ ਨੈਣ ਪਰ
ਰਾਵੀ ਤੇ ਚਨਾਬ ਨ�becameਓ ਹੁੰਦੇ

ਮਾੜੀ-ਮਾੜੀ ਗੱਲ ਉੱਤੇ
ਰੁੱਸਿਆ ਨਾ ਕਰ ਤੂੰ
ਸਾਰਿਆਂ ਸਵਾਲਾਂ ਦੇ
ਜਵਾਬ ਨਬ੍ਹੀਓ ਹੁੰਦੇ

ਸਾਰਾ ਕੁਝ

ਕਿਸੇ ਦੇ, ਤੇ ਮੇਰੇ ਸੋਚਣ ਵਿੱਚ
ਫ਼ਰਕ ਹੋ ਸਕਦਾ ਹੈ
ਸਭ ਦਾ ਆਪੋ ਆਪਣਾ
ਤਰਕ ਹੋ ਸਕਦਾ ਹੈ
ਪਰ ਤੂੰ ਆਵੀਂ
ਜਦੋਂ ਅਸੀਂ ਇੱਕ ਦੂਜੇ ਦੇ ਸਨਮੁੱਖ ਹੋਵਾਂਗੇ
ਮੈਂ ਆਦਮੀ ਹੋਣ ਤੋਂ ਇਨਕਾਰ ਕਰਾਂਗਾ
ਤੂੰ ਔਰਤ ਹੋਣ ਤੋਂ ਕਰ ਦੇਵੀਂ
ਅਸੀਂ ਦੋਵੇਂ ਦੇਹ ਦਾ ਹਰ ਸੱਚ ਜਾਣਦੇ ਹਾਂ
ਤੇ ਜਦੋਂ ਅਸੀਂ ਇੱਕ ਦੂਜੇ ਲਈ
ਸਿਰਫ਼ ਆਦਮੀ, ਔਰਤ ਨਹੀਂ ਹੁੰਦੇ
ਸਿਰਫ਼ ਉਦੋਂ ਹੀ ਇੱਕ ਦੂਜੇ ਲਈ ਬਹੁਤ ਕੁਝ ਹੁੰਦੇ ਹਾਂ
ਸਾਰਾ ਕੁਝ

ਅੱਖ

ਚਲਦੀ ਬੱਸ 'ਚ ਸੌਣ ਵਰਗਾ ਹੈ
ਮੁਹੱਬਤ ਕਰਨਾ
ਮਿਠਾਸ ਜਾਗਣ ਨਹੀਂ ਦਿੰਦੀ
ਤੇ ਸੌਣ ਨਹੀਂ ਦਿੰਦਾ
ਅੱਡਾ ਲੰਘ ਜਾਣ ਦਾ ਫ਼ਿਕਰ

ਉਡੀਕ

ਤੂੰ ਰੰਗ ਬਣ ਕੇ ਆਵੀਂ
ਏਥੇ ਬੜਾ ਕੁਝ ਹੈ ਖ਼ਾਲੀ ਖ਼ਾਲੀ
ਬੇਰੰਗ ਜਿਹਾ
ਜੋ ਮੈਂ ਤੇਰੇ ਨਾਲ ਹੀ ਭਰਨਾ ਹੈ

Scanned by CamScanner

ਸੂਝ-ਸਿਆਣਪ

ਬਹੁਤੇ ਸਿਆਣੇ ਹੋਣਾ ਵੀ
ਕਿੰਨੀ ਵੱਡੀ ਔਖ ਹੈ
ਹਰ ਮਿਲਣ ਬਹਿਸ ਬਣਨ ਲਗਦਾ ਹੈ
ਹਰ ਮੁਲਾਕਾਤ, ਤਾਅਨਾ ਬਣ ਕੇ ਟੁੱਟ ਜਾਂਦੀ ਹੈ
ਹਰ ਆਸ
ਤੁਹਮਤ ਵਿੱਚ ਬਦਲ ਜਾਂਦੀ ਹੈ

ਅਣਗਿਣਤ ਸੱਚ

ਬਹੁਤ ਕੁਝ ਵੇਖਦਾ ਹਾਂ ਰੋਜ਼ ਤੇਰੇ ਵਾਂਗ
ਹੱਸਦੀਆਂ ਕੁੜੀਆਂ
ਦੁਖੀ ਲੋਕ, ਮੰਗਤੇ ਤੇ ਪਤਾ ਨਹੀਂ ਕੀ ਕੁਝ
ਸੜਕਾਂ ਤੇ ਅਵਾਰਾ ਫਿਰਦੇ ਪਸ਼ੂ
ਸਾਰਾ ਦਿਨ ਇੱਧਰ-ਉਧਰ ਭਟਕਦੇ
ਜਿਨ੍ਹਾਂ ਨੂੰ ਕੋਈ ਕਿਤੇ ਨਹੀਂ ਉਡੀਕਦਾ
ਆਪਣੇ ਨੰਗੇ ਜ਼ਖ਼ਮਾਂ ਨਾਲ
ਚੁੱਪ-ਚਾਪ ਫਿਰਦੇ, ਸੀ ਨਹੀਂ ਕਰਦੇ
ਜਿਹੜੇ ਬੋਲ ਕੇ ਦੁੱਖ ਵੀ ਨਹੀਂ ਦੱਸ ਸਕਦੇ
ਆਪਾਂ ਤਾਂ ਫਿਰ ਵੀ ਚੰਗੇ ਹਾਂ, ਇਨ੍ਹਾਂ ਤੋਂ
ਬਹੁਤ ਤਰ੍ਹਾਂ ਦੇ, ਇਸ ਤਰ੍ਹਾਂ ਦੇ ਦਰਦ
ਮੇਰੇ ਅੰਦਰ ਰੋਜ਼ ਤੁਰਦੇ ਹਨ
ਇਸ ਤਰ੍ਹਾਂ ਦੇ ਹਜ਼ਾਰਾਂ ਦੁੱਖ ਤੇ ਅਣਗਿਣਤ ਸੱਚ ਜਾਣਦਿਆਂ ਹੀ
ਮੈਂ ਇਹ ਜਾਣ ਸਕਿਆ ਹਾਂ
ਕਿ ਮੁਹੱਬਤ ਠਰਕ ਨਹੀਂ ਹੁੰਦੀ

ਮੈਨੂੰ ਹੱਸਦਾ ਦਿਓ ਪੰਜਾਬ

ਮੈਥੋਂ ਲੈ ਲਓ ਫੁੱਲ, ਪਤੰਗੀਆਂ
ਤੇ ਸਾਰੇ ਬਾਗ, ਨਾਰੰਗੀਆਂ
ਖੋਹ ਲਵੋ ਸਾਰੰਗੀਆਂ
ਮੈਥੋਂ ਲੈ ਲਓ ਸਾਰੇ ਸਾਜ
ਮੈਨੂੰ ਹੱਸਦਾ ਦਿਓ ਪੰਜਾਬ

ਕੀ ਕਰਨੇ ਸੁਪਨੇ ਸਾਂਵਲੇ
ਚਾਅ ਕੀ ਕਰਨੇ ਚਾਂਭਲੇ
ਸਾਡੇ ਪੈਰੋਂ ਥਿਰਕਣ ਖੁੱਸ ਗਈ
ਕੀ ਕਰਨੇ ਤਖ਼ਤੋਂ-ਤਾਜ
ਮੈਨੂੰ ਹੱਸਦਾ ਦਿਓ ਪੰਜਾਬ

ਸਾਡੀਆਂ ਰੂਹਾਂ ਤੱਕ ਕੁਝ ਕੰਬਿਆ
ਹਰ ਹਾਸਾ ਗਿਆ ਝੰਬਿਆ
ਇਹ ਕੋਝੀਆਂ ਹਰਕਤਾਂ ਜਾਲਮੋਂ
ਸਾਨੂੰ ਕਰ ਗਈਆਂ ਬੇ-ਆਵਾਜ਼
ਮੈਨੂੰ ਹੱਸਦਾ ਦਿਓ ਪੰਜਾਬ

ਹੁਣ ਸੱਭੇ ਮਾਵਾਂ ਹਰਖ਼ੀਆਂ
ਰਾਜਨੀਤੀ ਹਿੱਕ 'ਤੇ ਬਹਿ ਗਈ
ਵੱਖੀਏ ਫਿਰ ਗਈਆਂ ਪਰਖ਼ੀਆਂ
ਕੋਈ ਮੋੜੋ ਖੁੱਸਦੀ ਲਾਜ
ਮੈਨੂੰ ਹੱਸਦਾ ਦਿਓ ਪੰਜਾਬ

ਸਭ ਸਾਂਝੇ ਗੁਰੂ ਤੇ ਪੀਰ ਨੇ
ਸਾਂਝੇ ਸਲੋਕ, ਸ਼ਮਸ਼ੀਰ ਨੇ
ਅਸੀਂ ਜਾਏ ਇੱਕੋ ਧਰਤ ਦੇ
ਕਿਉਂ ਸੁਣਦੇ ਨਹੀਂ ਆਵਾਜ਼
ਮੈਨੂੰ ਹੱਸਦਾ ਦਿਓ ਪੰਜਾਬ

Scanned by CamScanner

ਹੰਕਾਰ ਦਾ ਸੱਚ

ਜੇ ਤੁਸੀਂ ਕਵਿਤਾ ਲਿਖਦੇ ਹੋ
ਤਾਂ ਇਹ ਬਹੁਤ ਵੱਡੀ ਗੱਲ ਹੈ
ਜੇ ਤੁਸੀਂ ਸੋਚਦੇ ਹੋ
ਕਿ ਤੁਸੀਂ ਬਹੁਤ ਵੱਡੇ ਹੋ
ਕਿਉਂਕਿ ਤੁਸੀਂ ਕਵਿਤਾ ਲਿਖਦੇ ਹੋ
ਤਾਂ ਇਹ ਬਹੁਤ ਛੋਟੀ ਗੱਲ ਹੈ
ਤੇ ਵੱਡੇ ਬੰਦੇ
ਜਦੋਂ ਛੋਟੀਆਂ ਗੱਲਾਂ ਕਰਦੇ ਹਨ
ਤਾਂ ਗੱਲਾਂ ਬਹੁਤ ਵੱਡੀਆਂ ਹੋ ਜਾਂਦੀਆਂ ਹਨ
ਤੇ ਬੰਦੇ ਬਹੁਤ ਛੋਟੇ ਹੋਣ ਲਗਦੇ ਹਨ

ਕਵਿਤਾ ਲਿਖਣਾ, ਪੜ੍ਹਨਾ

ਕਵਿਤਾ ਲਿਖਣਾ
ਆਪਣੇ ਆਪ ਨੂੰ ਮਨੁੱਖ ਸਵੀਕਾਰ ਕਰਨਾ ਹੈ

ਕਵਿਤਾ ਪੜ੍ਹਨਾ
ਆਪਣੇ ਆਪ ਨੂੰ ਜੱਫੀ ਪਾਉਣਾ

ਕਵਿਤਾ ਸਮਝਣਾ
ਕਿਸੇ ਨੂੰ ਜੱਫੀ ਪਾਉਣ ਲਈ
ਰਜਾਮੰਦ ਕਰਨਾ ਹੈ

ਇਹ ਸਭ ਲਈ ਨਹੀਂ

ਗਿਆਨ, ਮੁਹੱਬਤ ਤੇ ਜ਼ਹਿਰ
ਕਿਸੇ ਕਿਸੇ ਦੇ ਪਚਦੇ ਹਨ
ਕੁਝ ਚੀਕਣ ਲਗਦੇ ਹਨ
ਕੁਝ ਤੜਫ਼ਣ ਲਗਦੇ ਹਨ
ਬਾਕੀ ਮਰ ਜਾਂਦੇ ਹਨ

ਕੁਝ ਤਾਂ ਹੈ

ਤੇਰੇ ਵਿੱਚ ਕੁਝ ਤਾਂ ਹੈ
ਸੱਚੀਂ-ਮੁੱਚੀਂ ਰੱਬ ਵਰਗਾ

ਐਂਵੇਂ ਮੁੱਚੀਂ ਕੌਣ ਸ਼ਾਇਰ ਬਣਦਾ ਹੈ

ਊਈਂ ਮੁੱਚੀ
ਸ਼ਬਦ ਕਵਿਤਾ ਨਹੀਂ ਹੁੰਦੇ

ਕੁਝ ਸਬੰਧ, ਕੁਝ ਰਿਸ਼ਤੇ

ਰਿਸ਼ਤਿਆਂ ਦੀ ਸਾਰੀ ਕੁੜੱਤਣ
ਮੈਂ ਚੁੱਪ-ਚਾਪ ਪੀ ਸਕਦਾ ਹਾਂ
ਤੂੰ ਲੈ ਆਵੀਂ ਆਪਣਾ ਕੋਈ ਵੀ ਝੂਠ
ਮੈਂ ਉਸ ਨੂੰ ਸੱਚ ਸਾਬਤ ਕਰ ਦਿਆਂਗਾ
ਪਰ ਮੈਨੂੰ ਮੁਆਫ਼ ਕਰ ਦੇਵੀਂ
ਮੈਂ ਇਸ ਦੁਨੀਆਂ ਨੂੰ ਨਹੀਂ ਸਮਝਾ ਸਕਦਾ
ਕਿ ਕੁਝ ਸਬੰਧ, ਕੁਝ ਰਿਸ਼ਤੇ
ਰੱਬ ਵਰਗੇ ਹੁੰਦੇ ਹਨ
ਪੂਜਾ ਵਾਂਗ, ਨਿਰਛਲ

Scanned by CamScanner

ਕਈ ਵਾਰ

ਜ਼ਿੰਦਗੀ ਕਈ ਵਾਰ
ਇਸ ਤਰ੍ਹਾਂ ਵੀ ਮਿਲਦੀ ਹੈ
ਸੁੱਤੇ ਪਏ ਬੱਚੇ ਦੇ ਉੱਠਦੇ ਸਾਰ
ਜਿਵੇਂ ਕੋਈ ਥੱਪੜ ਮਾਰ ਦੇਵੇ
ਜਿਸ ਨੂੰ ਆਪਣੀ ਗਲਤੀ ਦਾ
ਪਤਾ ਤੱਕ ਨਹੀਂ ਹੁੰਦਾ

ਤੇ ਫਿਰ ਕਿਹਾ ਜਾਵੇ
ਚੁੱਪ ਕਰ
ਮੂੰਹ ਬੰਦ
ਰੋਣਾ ਨਹੀਂ
ਜ਼ਿੰਦਗੀ ਕਈ ਵਾਰ
ਇਸ ਤਰ੍ਹਾਂ ਵੀ ਮਿਲਦੀ ਹੈ

ਤੇਰੇ ਵਰਗੇ ਹੋਣ ਨੂੰ

ਬੜਾ ਵਕਤ ਨੇ ਪਰਖਿਆ
ਸਾਡੇ ਹੱਸਣ ਰੋਣ ਨੂੰ

ਨੀਂਦਾਂ ਵਿੱਚ ਵੀ ਚਾਹੀਏ
ਸੁਪਨੇ ਤੇਰੇ ਹੋਣ ਨੂੰ

ਕੀ ਕੁਝ 'ਕੱਠਾ ਕਰ ਲਿਆ
ਤੈਨੂੰ ਲੱਭਣ ਪਾਉਣ ਨੂੰ

ਹਰ ਰੰਗ 'ਚ ਡੁੱਬ ਕੇ ਵੇਖਿਆ
ਤੇਰੇ ਵਰਗੇ ਹੋਣ ਨੂੰ

ਸਲੀਕਾ

ਉਹ ਆਖਦੀ ਹੈ
ਸਿਰ ਢਕ ਕੇ ਜਾਈਦਾ
ਮਹਿਬੂਬ ਕੋਲੇ
ਜੁੱਤੀ ਉਤਾਰ ਕੇ

ਕੱਪੜੇ ਉਤਾਰ ਕੇ ਤਾਂ ਲੋਕ
ਮੈਲ ਧੋਣ ਜਾਂਦੇ ਹਨ

ਮਾਂ

ਵੱਡਾ ਗ੍ਰੰਥ
ਮਾਂ ਦੀਆਂ ਅੱਖਾਂ ਤੋਂ
ਛੋਟਾ ਹੈ

ਕਾਢ

ਵਿਆਹ
ਮੁਹੱਬਤ ਨੂੰ
ਕਾਮ ਨਾਲ ਪਰਚਾਉਣ ਦੀ
ਨਾਕਾਮ ਕੋਸ਼ਿਸ਼ ਹੈ

Scanned by CamScanner

ਦਿਲ-ਦਿਮਾਗ

ਮਾਂ ਦਾ ਦਿਲ
ਸਾਡੇ ਦਿਮਾਗ ਤੋਂ
ਸਿਆਣਾ ਹੁੰਦਾ ਹੈ

ਇੱਕ ਦੂਜੇ ਤੱਕ

ਕਵਿਤਾਵਾਂ ਬਦਲ ਜਾਂਦੀਆਂ ਨੇ
ਕਾਗਜ਼ਾਂ ਤੱਕ ਆਉਂਦੀਆਂ
ਮੈਂ ਤੇਰੇ ਤੱਕ

ਭਾਲ-ਟੋਲ

ਰਿਸ਼ਤੇ
ਸਬੰਧ
ਖ਼ੁਦਗਰਜ਼ੀਆਂ
ਮਰਜ਼ੀਆਂ
ਸਿਰਦਰਦੀਆਂ
ਇਸ ਸਾਰੇ ਰੌਲੇ ਗੌਲੇ 'ਚੋਂ
ਮੈਂ ਤੈਨੂੰ ਲੱਭਣ ਬੈਠਾ ਹਾਂ

ਜੋ ਵੀ ਹੋਇਆ

ਏਹੀ ਤਾਂ ਹੋਇਆ ਨਈਂ
ਕਿ ਤੈਨੂੰ ਭੁੱਲ ਸਕਦਾ
ਏਨਾ ਹੀ ਹੋਇਆ ਹੈ
ਤੇਰੇ ਯਾਦ ਨਾ ਰਹਿ ਸਕਿਆ

ਮੈਂ ਕੋਈ ਨਹੀਂ ਹਾਂ

ਉਸ ਦੇ ਇੱਕ ਪ੍ਰਸ਼ਨ ਸਾਹਮਣੇ
ਮੇਰੇ ਗਿਆਨ ਧਿਆਨ ਨੇ
ਗੋਡੇ ਟੇਕ ਦਿੱਤੇ

ਮੈਂ ਕਿਹਾ
ਮੈਂ ਹੰਭਿਆ ਹੋਇਆ ਅਰਜੁਨ ਹਾਂ
ਪਰ ਮੇਰੇ ਭੱਥੇ ਵਿੱਚ
ਹਾਲੇ ਬੜੇ ਤੀਰ ਹਨ
ਉਸ ਨੇ ਨਹੀਂ ਸੁਣਿਆ
ਤੇ ਆਪਣੀ ਗੱਲ ਕਹੀ
"ਤੂੰ ਕੌਣ ਹੈਂ?"

ਮੈਂ ਤੀਰ ਤੋੜ ਦਿੱਤੇ ਹਨ
ਮੈਂ ਆਪਣੀ ਸ਼ਨਾਖ਼ਤ ਗਵਾ ਚੁੱਕਿਆ ਹਾਂ

Scanned by CamScanner

ਵਿਡੰਬਨਾ

ਜੇ ਅੱਜ ਮੈਂ
ਰੱਬ ਵੀ ਬਣ ਜਾਵਾਂ
ਕੱਲ੍ਹ ਨੂੰ
ਤੇਰੇ ਦਰਵਾਜ਼ੇ 'ਤੇ ਖੜਾ ਮਿਲਾਂਗਾ

ਬੇ-ਨਕਾਬ

ਕਿੰਨੇ ਹੀ ਭੇਤ ਸਨ
ਜੋ ਤੈਨੂੰ
ਮਿਲਣ ਬਾਅਦ ਖੁੱਲ੍ਹੇ

ਉਤਪਤੀ

ਮੇਰੇ ਕੋਲ ਤਾਂ
ਇੱਕ ਅੱਧਾ ਸਵਾਲ ਹੁੰਦਾ ਹੈ
ਛੋਟਾ ਮੋਟਾ
ਜਿਸ ਦੇ ਹਜ਼ਾਰਾਂ ਜਵਾਬ ਬਣਦੇ ਹਨ

ਤੇਰੀ ਇੱਕ ਚੁੱਪ ਕਰਕੇ

ਮੈਂ ਜਿਉਂਦਾ ਹਾਂ

ਜ਼ਿੰਦਗੀ ਕੀ ਹੈ ?
ਜਿਉਂਦੇ ਮਹਿਸੂਸ ਕਰਨਾ
ਮੈਂ ਤੈਨੂੰ ਮਹਿਸੂਸ ਕਰਦਾ ਹਾਂ

ਮੇਰੇ ਲਈ

ਮੇਰੇ ਹੱਥਾਂ 'ਤੇ
ਰੱਖ ਆਪਣੇ ਪੈਰ
ਮੈਂ ਰੱਬ ਹੋਣਾ ਹੈ

ਬੇਬਾਕ

ਉਹ ਆਖਦੀ ਹੈ
ਪਾਸੇ ਰੱਖ ਆਪਣਾ ਧਰਮ
ਸਾਰੀ ਸਿੱਖਿਆ
ਸੰਸਕਾਰ
ਮਰਿਯਾਦਾ
ਮੈਨੂੰ ਆਉਣ ਦੇ
ਮੈਂ ਤੇਰੇ ਵਿੱਚੋਂ ਉੱਗਣਾ ਹੈ
ਕੁਝ ਪੁੰਗਰਨਾ ਹੈ ਤਾਂ ਜ਼ਰੂਰੀ ਹੈ
ਕਿ ਧਰਤੀ ਦਾ ਸੀਨਾ ਪਾੜ ਜਾਵੇ

Scanned by CamScanner

ਜਦੋਂ ਤੇਰੇ ਕੋਲੋਂ ਪਰਤਿਆ

ਜਦੋਂ ਮਨੁੱਖ ਕੁਝ ਨਹੀਂ ਖਾਂਦਾ
ਉਦੋਂ ਉਹ
ਆਪਣੇ ਆਪ ਨੂੰ ਖਾਂਦਾ ਹੈ

ਜਦੋਂ ਮਨੁੱਖ ਕੁਝ ਨਹੀਂ ਬੋਲਦਾ
ਉਦੋਂ ਉਹ
ਆਪਣੇ ਆਪ ਨਾਲ ਬੋਲਦਾ ਹੈ
ਜਦੋਂ ਮਨੁੱਖ
ਆਪਣੇ ਆਪ ਨਾਲ ਵੀ ਨਹੀਂ ਬੋਲਦਾ
ਉਦੋਂ ਉਹ ਬਹੁਤ ਇਕੱਲਾ ਹੁੰਦਾ ਹੈ

ਜਦੋਂ ਤੇਰੇ ਕੋਲੋਂ ਵਾਪਸ ਪਰਤਿਆ
ਬਹੁਤ ਇਕੱਲਾ ਹੋ ਗਿਆ ਸੀ

ਕੱਲ੍ਹ ਮੈਂ ਆਪਣੇ ਆਪ ਨੂੰ ਹੀ ਆਖ ਦਿੱਤਾ
ਮੈਂ ਜਾਂਦਾ ਹਾਂ

ਨਿਯਮ

ਮਨੁੱਖ ਨੇ ਲੱਭਤ ਲੱਭੀ ਹੈ
ਕਿ ਕੁਹਾੜੀਆਂ ਦੀ ਲੋੜ ਹੈ
ਜੰਗਲ ਨੇ ਮੈਨੂੰ ਦੱਸਿਆ ਹੈ
ਫੁੱਲਾਂ ਬਿਨ ਨਹੀਂ ਸਰਦਾ

ਮੇਰੇ ਹਿੱਸੇ, ਤੇਰੇ ਕੰਮ

ਰੋਜ਼ ਸਵੇਰੇ ਉਠਦਾ ਹਾਂ
ਅਸਮਾਨ ਵੱਲ ਵੇਖਦਾ ਹਾਂ
ਤੇਰੇ ਅੰਦਾਜ ਵਿੱਚ
ਆਪਣੇ ਆਪ ਨੂੰ ਆਖਦਾ ਹਾਂ
ਸੋਹਣੀ ਸਵੇਰ ਮੁਬਾਰਕ

ਤੈਨੂੰ ਨਹੀਂ ਪਤਾ
ਤੇਰੇ ਕਿੰਨੇ ਕੰਮ
ਮੈਨੂੰ ਕਰਨੇ ਪੈਂਦੇ ਨੇ

ਸਭ ਹਾਜ਼ਰ ਹੈ

ਉਹ ਆਖਦੀ ਹੈ
ਮੈਂ ਸਫ਼ਿਆਂ ਉੱਤੇ
ਮੋਮ ਨਾਲ ਲਿਖੀ ਕਥਾ ਹਾਂ
ਅਦ੍ਰਿਸ਼ ਹਾਂ

ਰਤਾ ਨੇੜੇ ਹੋ
ਬਸ ਭੋਰਾ ਕੁ ਸੇਕ

ਉੱਘੜ ਆਵੇਗਾ
ਅੱਖਰ-ਅੱਖਰ

Scanned by CamScanner

ਮੇਰੀ ਮੰਨਿਆ ਕਰ

ਮੈਨੂੰ ਨਹੀਂ ਚਾਹੀਦਾ ਕਿਸੇ ਵੀ ਤਰ੍ਹਾਂ ਦਾ ਖਲਲ
ਤੇਰੇ ਸਨਮੁੱਖ ਹੁੰਦਿਆਂ
ਕਿ ਡਿੱਗਦੇ, ਰੁੜ੍ਹਦੇ ਪੱਤਿਆਂ ਦੀ ਅਵਾਜ਼ ਹੋਵੇ
ਜਾਂ ਵਗਦੀ ਹੋਵੇ ਤੇਜ ਹਵਾ

ਚੁੱਪ ਚਾਂ ਏਨੀ ਹੋਵੇ
ਕਿ ਇੱਕ ਦੂਜੇ ਦੇ ਸਾਹ ਵੀ ਸੁਣਦੇ ਹੋਣ
ਮੌਨ ਏਨਾ ਗਹਿਰਾ ਹੋਵੇ
ਕਿ ਬੁੱਝ ਲਈਏ ਸਭ ਕੁਝ ਅਣਕਿਹਾ

ਜੇ ਇਸ ਤਰ੍ਹਾਂ ਨਹੀਂ ਹੋ ਸਕਦਾ ਤਾਂ ਚੰਗਾ ਹੈ
ਆਪਾਂ ਨਾ ਹੀ ਮਿਲੀਏ

ਕੁੜੀਆਂ ਤੇ ਕਵਿਤਾਵਾਂ

ਕੁੜੀਆਂ ਤੇ ਕਵਿਤਾਵਾਂ
ਸਬਰ ਚਾਹੁੰਦੀਆਂ ਹਨ
ਧੀਰਜ ਤੇ ਧਰਵਾਸ

ਕੁੜੀਆਂ ਤੇ ਕਵਿਤਾਵਾਂ
ਹਰ ਕਿਸੇ ਦੇ ਸਮਝ ਨਹੀਂ ਆਉਂਦੀਆਂ
ਜਿਨ੍ਹਾਂ ਦੇ ਸਮਝ ਨਹੀਂ ਆਉਂਦੀਆਂ
ਉਹ ਇਨ੍ਹਾਂ ਲਈ
ਭੱਦੇ ਤੇ ਅਸ਼ਲੀਲ ਸ਼ਬਦ ਵਰਤਦੇ ਹਨ

ਜਿਨ੍ਹਾਂ ਦੇ ਆ ਜਾਂਦੀਆਂ ਹਨ
ਉਹ ਸੰਤ ਹੋਣ ਲਗਦੇ ਹਨ

ਮੁਹੱਬਤ ਹੈ

ਸਵਾਲ ਨਾ ਕਰੀਂ
ਜਵਾਬ ਵੀ ਕੀ ਦੇਵਾਂ
ਮੁਹੱਬਤ ਹੈ
ਇਸ ਦੇ ਮੂੰਹ 'ਚ ਜੁਬਾਨ ਨਹੀਂ ਹੁੰਦੀ

ਤੇਰੇ ਕਰਕੇ

ਫ਼ਰਕ ਪੈਂਦਾ ਰਿਹਾ
ਤੇਰੇ ਆਉਣ ਨਾਲ
ਜਾਣ ਨਾਲ

ਉਂਝ ਤਾਂ ਜ਼ਿੰਦਗੀ ਕੁਝ ਵੀ ਨਹੀਂ ਸੀ
ਫੁੱਲ ਜਾਂ ਕੰਡੇ

Scanned by CamScanner

ਉਹ ਉਡੀਕਦੀ ਹੈ

ਉਸ ਨੇ ਜਨਮ ਲਿਆ
ਬਾਪ ਫ਼ਿਕਰ ਕੋਲ ਚਲਿਆ ਗਿਆ

ਉਸ ਨੇ ਮੁਹੱਬਤ ਕੀਤੀ
ਪ੍ਰੇਮੀ ਕ੍ਰਾਂਤੀ ਲੱਭਣ ਤੁਰ ਪਿਆ

ਉਹ ਮਾਂ ਬਣੀਂ
ਪੁੱਤਾਂ ਦੀ ਸੁੱਖ ਚਾਹੀ

ਪੁੱਤ ਜਵਾਨ ਹੋਏ
ਤੇ ਇਨਕਲਾਬ ਲੈਣ ਚਲੇ ਗਏ

ਉਹ ਉਡੀਕਦੀ ਹੈ

ਔਰਤ ਜਾਣਦੀ ਹੈ
ਪਲ ਛਿਣ ਕਿਵੇਂ
ਸਦੀਆਂ ਵਿੱਚ ਤਬਦੀਲ ਹੁੰਦੇ ਹਨ

ਕਿੰਨੀ ਕੁ ਦੇਰ

ਕੁਝ ਕਵਿਤਾਵਾਂ ਹਨ ਮੇਰੇ ਕੋਲ
ਜੋ ਤੂੰ ਨਹੀਂ ਪੜ੍ਹੀਆਂ
ਉਹ ਮੇਰੇ ਅੰਦਰ
ਅੱਗ ਵਾਂਗ ਮੱਚਦੀਆਂ ਹਨ
ਸ਼ਬਦ ਅੰਗਿਆਰਾਂ ਵਾਂਗ ਦਗਦੇ ਹਨ

ਤੂੰ ਉਹਨਾਂ 'ਤੇ ਕਿਉਂ ਨਹੀਂ ਪਾਉਂਦੀ
ਨਜ਼ਰ ਸਵੱਲੀ
ਕਿ ਠਰ ਜਾਵਣ
ਰਤਾ ਸਕੂਨ ਹੋਵੇ

ਇਸ ਅੱਗ ਦੇ ਕੋਲ ਹੁੰਦਿਆਂ
ਕਿੰਨੀ ਦੇਰ ਬਚਾਂਗਾ ਮੈਂ ?

ਸੰਪੂਰਨਤਾ

ਉਹ ਆਖਦੀ ਹੈ
ਮੈਂ ਪੀਲੇ ਚੌਲਾਂ ਦੀ
ਮੁੱਠੀ ਭਾਂ ਨਹੀਂ
ਪੂਰੇ ਦਾ ਪੂਰਾ ਯੱਗ ਹਾਂ

Scanned by CamScanner

ਫ਼ਿਕਰ ਨਾ ਕਰਨਾ

ਮੇਰੇ ਭੇਜੇ ਗਏ ਸੁਨੇਹਿਆਂ ਦਾ
ਭਾਵੇਂ ਕੋਈ ਜਵਾਬ ਨਾ ਦੇਣਾ
ਮੈਂ ਕਾਫ਼ੀ ਕੁਝ ਸਿੱਖਿਆ ਹੈ
ਮੈਨੂੰ ਆਦਤ ਹੈ
ਆਪਣੇ ਸਵਾਲਾਂ ਦੇ ਜਵਾਬ
ਮੈਂ ਆਪੇ ਲਿਖ ਲੈਂਦਾ ਹਾਂ

ਅੱਖਰ ਵੀ ਤੇਰੇ

ਰੁੱਸ ਗਏ ਅੱਖਰਾਂ ਨੂੰ
ਕੋਲ ਬੁਲਾਈਦਾ
ਮਸਾਂ ਮਨਾਈਦਾ
ਗਲ ਨਾਲ ਲਾਈਦਾ

ਕੁਝ ਬੋਲਦੇ ਹੀ ਨਹੀਂ
ਬੁੱਲ ਟੇਰਦੇ ਹਨ
ਮਸਾਂ ਇੱਕ ਅੱਧਾ ਸ਼ਬਦ ਬੋਲਦੇ ਹਨ

ਉਹ ਵੀ ਤੇਰਾ ਨਾਂ ਲੈਂਦੇ ਹਨ

ਕਵੀ ਹੋਣਾ

ਜੇਕਰ ਤੁਸੀਂ
ਕੁਝ ਹੋਣਾ ਚਾਹੁੰਦੇ ਹੋ
ਤਾਂ ਕੁਝ ਵੀ ਹੋ ਸਕਦੇ ਹੋ

ਕਵੀ ਨਹੀਂ ਹੋ ਸਕਦੇ
ਕਵੀ ਹੋਣਾ
ਕੁਝ ਵੀ ਨਾ ਹੋਣ ਦੀ ਅਵਸਥਾ ਹੈ

ਅਰਥ-ਅਨਰਥ

ਤੂੰ ਬਸ ਚੁੱਪ ਰਹਿ
ਕੁਝ ਨਾ ਕਹੀਂ
ਮੈਂ ਜਾਣਦਾ ਹਾਂ ਸੰਕੇਤ ਲਿੱਪੀ
ਚਿਹਰੇ ਤੇ ਅੱਖਾਂ ਪੜ੍ਹਨੀਆਂ

ਤੇ ਫਿਰ ਲੋੜ ਹੀ ਕਿਉਂ ਪਵੇ
ਸਭ ਕੁਝ ਨੂੰ ਸ਼ਬਦ ਬਣਨ ਦੀ
ਜੋ ਵੀ ਹੈ ਸਾਡੇ ਵਿਚਕਾਰ

ਸ਼ਬਦਾਂ ਦੇ ਤਾਂ ਅਰਥ ਹੁੰਦੇ ਹਨ
ਤੇ ਅਰਥਾਂ ਦਾ ਕੀ ਪਤਾ
ਕਦੋਂ ਅਨਰਥ ਹੋਣ ਲਗਦੇ ਹਨ

Scanned by CamScanner

ਆਪਣੇ ਅਨੁਸਾਰ

ਆਪੋ ਆਪਣੀ ਸਮਝ ਹੈ
ਕੁਝ ਲੋਕ ਇੱਕ ਦੂਜੇ ਨਾਲ ਸੌਣ ਨੂੰ
ਆਖਦੇ ਹਨ
ਪਿਆਰ ਕਰਨਾ

ਨਾਸਮਝੀ

ਬਹੁਤੇ ਲੋਕ
ਜ਼ਿੰਦਗੀ ਨੂੰ ਇਸੇ ਤਰ੍ਹਾਂ ਜਿਉਂਦੇ ਹਨ
ਜਿਵੇਂ ਬੱਚੇ
ਨਹਾ ਤਾਂ ਲੈਂਦੇ ਹਨ
ਪਰ ਮੂੰਹ ਧੋਣਾ ਭੁੱਲ ਜਾਂਦੇ ਹਨ

ਇੱਕੋ ਜਿਹੇ

ਆਪਾਂ ਦੋਵੇਂ
ਕਿੰਨੇ ਇੱਕੋ ਜਿਹੇ ਹਾਂ
ਮੈਂ ਕਿਹਾ ਸੀ
ਡੌਂਟ ਕਾਲ ਮੀ
ਤੇ ਫੋਨ ਉਡੀਕਦਾ ਰਿਹਾ

ਤੂੰ ਕਿਹਾ ਸੀ
ਕਾਲ ਯੂ ਸੂਨ
ਪਰ ਫੋਨ ਨਹੀਂ ਕੀਤਾ

ਆਪਾਂ ਦੋਵੇਂ
ਕਿੰਨੇ ਇੱਕੋ ਜਿਹੇ ਹਾਂ
ਦੋਵੇਂ ਝੂਠੇ

ਤੇਹ

ਕਵਿਤਾ ਲਿਖਣਾ
ਆਪਣਾ ਲਹੂ ਪੀ ਕੇ
ਤੇਹ ਬੁਝਾਉਣਾ ਹੈ

ਜੇ ਸੁਣ ਸਕੇਂ

ਤੂੰ ਮੈਨੂੰ ਨਹੀਂ ਸੁਣਿਆ
ਇਸੇ ਲਈ ਤੈਨੂੰ ਨਹੀਂ ਪਤਾ
ਸੰਗੀਤ ਲਈ ਸਿਰਫ਼ ਸਾਜ਼ ਹੀ ਨਹੀਂ ਹੁੰਦੇ

ਧਰਵਾਸ

ਜਦੋਂ ਮੁਹੱਬਤ ਨਾਲ ਭਰ ਕੇ ਦਿਲ ਟੁੱਟਦਾ ਹੈ
ਫਿਰ ਕੋਈ ਧਰਵਾਸ ਨਹੀਂ ਰਹਿੰਦਾ
ਜਦੋਂ ਦੇਹ 'ਤੇ ਇਸ਼ਕ ਉਤਰਦਾ ਹੈ
ਫਿਰ ਦੇਹ 'ਤੇ ਮਾਸ ਨਹੀਂ ਰਹਿੰਦਾ

Scanned by CamScanner

ਚੁੱਪ ਕਲ੍ਹੈਣੀ

ਇੱਕ ਮੁਹੱਬਤ ਸੀ ਚੰਦਰੀ
ਜੋ ਸਹਾਰੀ ਨਾ ਗਈ
ਇੱਕ ਚੁੱਪ ਸੀ ਕਲ੍ਹੈਣੀ
ਜੋ ਉਤਾਰੀ ਨਾ ਗਈ
ਇਹ ਗੱਲ ਹੈ ਵੱਖਰੀ
ਮਾਸ ਰਿਹਾ ਨਾ ਦੇਹ 'ਤੇ
ਨਾਮ ਤੇਰੇ ਦੀ ਸਿਰ 'ਚੋਂ
ਖੁਮਾਰੀ ਨਾ ਗਈ

ਰਿਸ਼ਤੇ

ਰਿਸ਼ਤੇ ਮੀਂਹ ਵਰਗੇ
ਕਿੱਥੇ ਰਹੇ ਨੇ ਹੁਣ
ਜੋ ਆਪ ਮੁਹਾਰੇ ਬਰਸਦਾ ਹੈ

ਇਹ ਤਾਂ ਹੁਣ ਨਲਕਿਆਂ ਵਾਂਗ
ਰੋਜ਼ ਗੇੜਨੇ ਪੈਂਦੇ ਹਨ

ਇਹੀ ਚੰਗਾ ਲਗਦਾ

ਮੈਨੂੰ ਚੰਗੇ ਲਗਦੇ ਨੇ
ਸਕੂਲ ਪੜ੍ਹਨ ਜਾਂਦੇ ਬੱਚੇ
ਬਣਦੇ ਹੋਏ ਘਰ
ਰੇਤੇ 'ਚ ਨਹਾਉਂਦੀਆਂ ਚਿੜੀਆਂ
ਬੇ-ਸੁੱਧ ਹੋ ਕੇ ਸੌਣਾ
ਤੇ ਚੰਗਾ ਲਗਦਾ ਹੈ
ਕਿ ਤੇਰੇ ਸੁਪਨੇ ਆਉਂਦੇ ਰਹਿਣ

ਹੁਣ ਮੈਂ...

ਆਖਦੇ ਆਪਣੀ ਯਾਦ ਨੂੰ
ਹੁਣ ਮੇਰਾ ਪੱਲਾ ਛੱਡ ਦੇ
ਆਪਣੇ ਅੰਦਰ ਡੁੱਬਣਾ ਚਾਹੁੰਦਾ
ਹੁਣ ਮੈਂ ਸਾਰੇ ਦਾ ਸਾਰਾ

ਤੇਰਾ ਹੋਣ ਲੱਗਾ ਹਾਂ

ਓਥੇ ਨਜ਼ਰ ਨਾ ਪਾਵੀਂ
ਜਿੱਥੇ ਦਿਲ ਹੈ ਮੇਰਾ
ਕਿ ਤੈਨੂੰ ਤੇਰੇ ਤੋਂ ਹੀ
ਮੈਂ ਲੁਕੋਣ ਲੱਗਾ ਹਾਂ

ਇਹ ਪਹਿਲਾਂ ਨਹੀਂ ਹੋਇਆ
ਇਹ ਹੁਣ ਹੀ ਹੋਣਾ ਹੈ
ਇਹ ਕਰਾਮਾਤ ਵੱਡੀ
ਮੈਂ ਤੇਰਾ ਹੋਣ ਲੱਗਾ ਹਾਂ

ਇਹੋ ਤਾਂ ਰਸਤਾ ਹੈ ਇੱਕੋ
ਜਿਸ ਤੋਂ ਬੇਖ਼ਬਰ ਦੁਨੀਆਂ
ਤੂੰ ਸੁਪਨੇ ਵਿੱਚ ਆਵੀਂ
ਕਿ ਮੈਂ ਸੌਣ ਲੱਗਾ ਹਾਂ

ਹੰਝੂ ਡਿੱਗ ਨਾ ਜਾਵੇ
ਕਿ ਬੁੱਲ੍ਹ ਨੇੜੇ ਰੱਖੀਂ ਤੂੰ
ਇਨ੍ਹਾਂ ਦਾ ਮਾਣ ਰੱਖ ਲਵੀਂ
ਕਿ ਮੈਂ ਰੋਣ ਲੱਗਾ ਹਾਂ

Scanned by CamScanner

ਰੱਖ ਉਂਗਲਾ ਦੇ ਪੋਟੇ
ਮੇਰੇ ਬੁੱਲ੍ਹਾਂ ਦੇ ਉੱਤੇ
ਕਿ ਮੈਂ ਸੁਰ ਵਿੱਚ ਹੋਵਾਂ
ਮੈਂ ਸਾਜ਼ ਹੋਣ ਲੱਗਾ ਹਾਂ

ਰੱਖ ਲਵੀਂ ਕੰਨ ਤੂੰ
ਗੱਲ ਦੁਨੀਆਂ ਦੀ ਸੁਣਨੇ ਨੂੰ
ਖੋਲ੍ਹ ਮਨ ਦੇ ਬੂਹੇ
ਕਿ ਮੈਂ ਗਾਉਣ ਲੱਗਾ ਹਾਂ

ਪਾਣੀ ਜੂਠਾ ਮਿਲੇ ਤੇਰਾ
ਸਾਰੀ ਮੈਲ ਚਲੀ ਜਾਵੇ
ਕਿ ਪਾਪ ਉਮਰਾਂ ਜਨਮਾਂ ਦੇ
ਅੱਜ ਮੈਂ ਧੋਣ ਲੱਗਾ ਹਾਂ

ਜਿਵੇਂ ਤੂੰ ਚਾਹੇਂ

ਤੇਰੇ ਹੋਣ ਨੂੰ
ਮੈਂ ਮੁਹੱਬਤ ਮੰਨਿਆ

ਤੈਨੂੰ ਰੱਬ

ਜੇ ਮੈਂ
ਅਰਥਾਂ ਦਾ ਅਨਰਥ ਕੀਤਾ ਹੈ
ਤਾਂ ਮੈਨੂੰ ਬਣਦੀ ਸਜ਼ਾ ਦੇ

ਰੱਬ ਨੂੰ

ਤੇਰੇ ਲਈ ਨੇ ਜਦੋਂ
ਮੰਦਰ ਤੇ ਮਸਜਿਦ ਜੀ
ਆਦਮ ਕਿਉਂ ਬੇਘਰ ਹੋਵੇ
ਸਭ ਨੂੰ ਹੀ ਘਰ ਦੇਵੀਂ

ਦਿਲ ਤਾਂ ਕਰਦਾ ਹੈ
ਮੇਰਾ ਵੀ ਉੱਡਣੇ ਨੂੰ
ਮੈਨੂੰ ਵੀ ਨਿਪਰੇ ਨੂੰ
ਖਿਆਲਾਂ ਦੇ ਪਰ ਦੇਵੀਂ

ਸ਼ਬਦਾਂ ਦੇ ਕਰਕੇ ਹੀ
ਅਸੀਂ ਤਾਂ ਬੰਦੇ ਹਾਂ
ਮੈਨੂੰ ਹੋਰ ਵੱਡਾ ਕਰੀਂ
ਕਵਿਤਾ ਦਾ ਵਰ ਦੇਵੀਂ

ਤੂੰ ਜੇ ਮਿਲ ਸਕਿਆ ਨਾ
ਮੇਰੇ ਮਨ ਮੰਦੇ ਨੂੰ
ਆਪਣੇ ਵਰਗਾ ਹੀ
ਮਹਿਬੂਬ ਨੂੰ ਕਰ ਦੇਵੀਂ

ਦੇਵੀ ਹੀ ਮੰਨ ਲਵਾਂ
ਕੰਨਿਆ ਦੇ ਹੋਣੇਂ ਨੂੰ
ਜਦੋਂ ਵੀ ਮਹਿਬੂਬ ਮਿਲੇ
ਮਹਿਬੂਬ ਦਾ ਡਰ ਦੇਵੀਂ

Scanned by CamScanner

ਹੁਣ ਵੀ

ਮੈਂ ਉਡੀਕ ਕਰਨੀ ਸਿੱਖੀ ਹੈ
ਉਸ ਨੇ ਬੇਖ਼ਬਰ ਰਹਿਣਾ
ਅਸੀਂ ਅੱਜ ਵੀ
ਆਪੋ ਆਪਣਾ ਕੰਮ ਕਰਦੇ ਹਾਂ

ਲੱਭਤ

ਬਹੁਤ ਕੁਝ ਪਿਆ ਰਹਿੰਦਾ ਹੈ
ਸਾਡੇ ਹੀ ਅੰਦਰ ਕਿਤੇ
ਤੇ ਸਾਨੂੰ ਹੀ ਨਹੀਂ ਲੱਭਦਾ

ਤੇਰੇ ਜਾਣ ਬਾਅਦ ਤੈਨੂੰ
ਮੈਂ ਆਪਣੇ ਹੀ ਅੰਦਰ ਲੱਭਿਆ
ਇੱਥੇ ਸ਼ਬਦਾਂ ਦੇ ਜੰਗਲ ਵਿੱਚ
ਤੂੰ ਮੈਨੂੰ
ਕਵਿਤਾ ਬਣੀ ਮਿਲੀ

ਇੱਕ ਸ਼ਬਦਾਂ ਕਰਕੇ

ਅਸੀਂ ਕਿੰਨੇ ਬੇਬਸ ਹੁੰਦੇ ਹਾਂ
ਜਦੋਂ ਸਾਡੇ ਕੋਲ
ਸ਼ਬਦ ਨਹੀਂ ਹੁੰਦੇ

ਸਭ ਕੁਝ ਜਾਣਦਿਆਂ
ਸਮਝਦਿਆਂ

ਸ਼ਬਦਾਂ ਤੋਂ ਬਿਨਾਂ
ਕਿ ਆਪਣਾ ਕੁਝ ਕਹਿ ਸਕੀਏ
ਕਿ ਕਿਸੇ ਦਾ ਕੁਝ ਸੁਣ ਸਕੀਏ

ਉਹ ਕੀ ਕਰੇ ?

ਤੂੰ ਆਪਣੇ ਆਪ ਨਾਲ
ਭਰੀ ਰਹੀ

ਮੈਂ ਮਰਿਯਾਦਾ ਨਾਲ

ਉਹ ਉਡੀਕਦੀ ਰਹੀ
ਮੁਹੱਬਤ ਨੂੰ ਜਗ੍ਹਾ ਨਹੀਂ ਮਿਲੀ

ਕਵਿਤਾ ਤੋਂ ਬਿਨਾਂ

ਉਹ ਆਖਦੀ ਹੈ
ਗੱਲਾਂ ਕਰਦਿਆਂ ਕਰਦਿਆਂ
ਤੇਰੇ ਤਾਂ ਸਾਰੇ ਜਵਾਬ ਹੀ
ਕਵਿਤਾ ਵਰਗੇ ਨੇ

ਸੱਚ ਹੈ, ਬਹੁਤ ਸਮਾਂ
ਮੇਰੇ ਕੋਲ ਕੋਈ ਵੀ ਨਹੀਂ ਸੀ
ਸਿਰਫ਼ ਕਵਿਤਾਵਾਂ ਸਨ
ਤੇ ਆਸ ਪਾਸ ਮੰਡਰਾਉਂਦੇ ਸ਼ਬਦ

ਹੁਣ ਮੇਰੇ ਕੋਲ ਕੁਝ ਵੀ ਨਹੀਂ
ਕਵਿਤਾ ਤੋਂ ਬਿਨਾਂ
ਸ਼ਬਦਾਂ ਦੇ ਸਿਵਾਏ
ਤੂੰ ਵੀ ਨਹੀਂ
ਮੈਂ ਵੀ ਨਹੀਂ

Scanned by CamScanner

ਇਸੇ ਤਰ੍ਹਾਂ ਹੈ

ਮੈਂ ਉਸ ਅੱਗੇ ਹੱਥ ਕੀਤੇ
ਉਸ ਨੇ
ਚੁੱਪ ਰੱਖ ਦਿੱਤੀ

ਮੈਂ ਉਸ ਕੋਲ
ਕਵਿਤਾ ਲੈ ਕੇ ਗਿਆ
ਉਸ਼ ਨੇ ਕਿਹਾ
ਇਹ ਮੇਰੀ ਨਹੀਂ

ਮੈਂ ਕਿਤੋਂ ਦਾ ਨਹੀਂ ਰਿਹਾ

ਹਰ ਵਾਰ

ਉਹ ਆਖਦੀ ਹੈ
ਆਦਮੀ ਭੁੱਲ ਗਿਆ ਹੈ
ਉਹ ਔਰਤ ਦਾ ਹਿੱਸਾ ਹੈ

ਇਹ ਤਾਂ ਹਰ ਵਾਰ ਦੀ ਹੀ
ਬੇਵਕੂਫ਼ੀ ਹੈ

ਉਹ ਔਰਤ 'ਚੋਂ
ਆਪਣਾ ਹਿੱਸਾ ਮੰਗਦਾ ਹੈ

ਯੁਗ ਕਥਾ

ਮੁਹੱਬਤ ਦੇ ਪੂਰੇ ਯੁਗ ਵਿੱਚ
ਮੈ ਤੈਨੂੰ
ਸਭ ਕੁਝ ਮੰਨਿਆ

ਤੇ ਉਲਾਂਭਾ ਮਿਲਿਆ

ਜੇ ਮੈਂ ਸਾਡੇ ਦੋਹਾਂ 'ਚੋਂ
ਕਿਸੇ ਦਾ ਵੀ ਨਾ ਹੋ ਸਕਿਆ
ਤਾਂ ਮੈਂ ਕੁਝ ਵੀ ਹੋਣ ਤੋਂ
ਇਨਕਾਰ ਕਰ ਦਿਆਂਗਾ

ਇਹੀ ਸੱਚ ਹੈ

ਉਹ ਆਖਦੀ ਹੈ
ਮੈਂ ਮਿੱਟੀ ਦੀ ਹਾਂ

ਮੈਂ ਜਾਣਦਾ ਹਾਂ
ਸਾਰੀ ਦੁਨੀਆਂ ਹੀ
ਮਿੱਟੀ ਤੋਂ ਬਣੀ ਹੈ

ਜੋ ਮੈਂ ਹਾਂ

ਤੈਨੂੰ ਲੱਗਣ ਲੱਗੀਆਂ ਨੇ
ਫਿੱਕੀਆਂ, ਫਿੱਕੀਆਂ
ਮੇਰੀਆਂ ਸਾਰੀਆਂ ਗੱਲਾਂ

ਮੈਂ ਆਪਣੇ ਅੰਦਰ
ਤੇਰੀ ਤਸਵੀਰ
ਹੋਰ ਗੂੜ੍ਹੀ ਕਰ ਲਈ ਹੈ

Scanned by CamScanner

ਅਮਨਦੀਪ ਦੇ ਕਹਿਣ 'ਤੇ

ਉਹ ਆਖਦੀ ਹੈ
ਮੈਨੂੰ ਨਹੀਂ ਚੰਗੀਆਂ ਲਗਦੀਆਂ ਸਨ
ਇਹ ਔਰਤਾਂ
ਕਿਤੇ ਵੀ ਦੁੱਧ ਪਿਲਾਉਣ ਲਗਦੀਆਂ
ਨਿੱਕੇ ਬੱਚਿਆਂ ਨੂੰ
ਸਾਰਾ ਸੂਟ ਉੱਪਰ ਚੁੱਕ ਕੇ

ਬੱਸਾਂ ਵਿੱਚ
ਅੱਡੇ 'ਤੇ
ਵਿਆਹ ਦੇ ਇਕੱਠ ਵਿੱਚ

ਮਾਂ ਬਣੀ ਤੇ ਜਾਣਿਆ
ਜਦੋਂ ਮਾਂ ਨੂੰ ਬੱਚੇ ਦੀ ਭੁੱਖ ਦੀਂਹਦੀ ਹੈ
ਫਿਰ ਉਸ ਨੂੰ ਕੁਝ ਨਹੀਂ ਦੀਂਹਦਾ

ਮੇਰੇ ਕਰਕੇ

ਤੂੰ ਮੈਨੂੰ ਗਵਾ ਦਿੱਤਾ ਹੈ
ਪਰ ਇਸ ਦਾ ਅਫ਼ਸੋਸ
ਮੈਨੂੰ ਰਹੇਗਾ

ਮਰਨ ਦੇ ਅਰਥ

ਤੁਸੀਂ ਚਰਿੱਤਰਹੀਣ ਵਿਅਕਤੀਆਂ 'ਚ
ਸਭ ਤੋਂ ਉੱਤੇ
ਮੇਰਾ ਨਾਮ ਲਿਖਣਾ
ਮੈਂ ਔਰਤਾਂ 'ਤੇ ਮਰਦਾ ਹਾਂ

ਕਿਉਂਕਿ ਮੇਰੀ ਮਾਂ
ਇੱਕ ਔਰਤ ਹੈ
ਉਹ ਮੇਰੇ ਲਈ ਮਰ ਵੀ ਸਕਦੀ ਹੈ

ਤੇ ਇੱਕ ਮਹਿਬੂਬ ਹੈ
ਉਹ ਆਖਦੀ ਹੈ
ਤੂੰ ਇੱਕ ਵਾਰ ਆਖ ਦੇਵੀਂ ਬਸ
ਮੈਂ ਮਰ ਜਾਵਾਂਗੀ

ਸਭ ਨੂੰ ਨਹੀਂ ਪਤਾ ਹੁੰਦਾ
ਮਰਨ ਦੇ ਕੀ ਕੀ ਅਰਥ ਹਨ

Scanned by CamScanner

ਉਹ ਆਖਦੀ ਹੈ

ਉਹ ਆਖਦੀ ਹੈ
ਕੀਮਤੀ ਤੇ ਪਵਿੱਤਰ ਚੀਜ਼ਾਂ
ਹਮੇਸ਼ਾ ਲੁਕੀਆਂ ਰਹਿੰਦੀਆਂ ਨੇ
ਸੋਹਣੇ ਦੁਸ਼ਾਲਿਆਂ ਵਿੱਚ ਲਪੇਟੀਆਂ

ਹੀਰੇ, ਰਤਨ, ਜਵਾਹਰ, ਮਾਣਕ
ਛੁਪੇ ਰਹਿੰਦੇ ਨੇ
ਧਰਤ ਦੀਆਂ ਅਣ-ਗਿਣਤ ਪਰਤਾਂ ਹੇਠ

ਉਹ ਆਖਦੀ ਹੈ
ਤੂੰ ਇਨੋਸੈਂਟ ਹੈਂ
ਦੁਨੀਆਂ ਤੋਂ ਪਾਸੇ ਰਹੀਂ
ਆਪਣੇ ਆਪ ਨੂੰ ਲੁਕਾ ਲਵੀਂ

ਲਗਦਾ ਹੈ
ਉਹ ਸਿੱਧਰੀਆਂ ਗੱਲਾਂ ਕਰਦੀ ਹੈ
ਮੈਨੂੰ ਤਾਂ ਇਹ ਸਭ ਪਤਾ ਹੀ ਹੈ
ਇਸੇ ਲਈ ਤਾਂ
ਉਸ ਦਾ ਕੋਈ ਵੀ ਖਿਆਲ ਆਉਂਦਿਆਂ
ਅੱਖਾਂ ਵਿੱਚ ਕਿਸੇ ਵੀ ਸੁਪਨੇ ਦੇ ਤੈਰਦਿਆਂ
ਅੱਖਾਂ ਬੰਦ ਕਰ ਲੈਂਦਾ ਹਾਂ
ਲੁਕਾ ਲੈਂਦਾ ਹਾਂ
ਛੁਪਾ ਲੈਂਦਾ ਹਾਂ
ਕੀ ਪਤਾ ਕਦੋਂ ਕੋਈ
ਉਸ ਨੂੰ ਮੇਰੀਆਂ ਅੱਖਾਂ 'ਚ ਪੜ੍ਹ ਲਵੇ

ਮੁਹੱਬਤ ਦੇ ਜ਼ੁਬਾਨ ਨਹੀਂ ਹੁੰਦੀ
ਪਰ ਉਹ ਗੂੰਗੀ ਵੀ ਨਹੀਂ ਹੁੰਦੀ
ਇੱਕ ਗੂੰਜ ਹੁੰਦੀ ਹੈ ਬਸ
ਅੱਖਾਂ ਬੰਦ ਕਰਕੇ ਚੁੱਪ-ਚਾਪ ਸੁਣੀ ਜਾਂਦੀ ਹੈ

ਸ਼ਬਦਾਂ ਦੇ ਆਪਣੇ ਕੋਈ ਅਰਥ ਨਹੀਂ ਹੁੰਦੇ
ਮੈਂ ਕੁਝ ਸ਼ਬਦ ਸੁਣਦਾ ਹਾਂ
ਉਸ ਦੇ ਮੂੰਹੋਂ
ਅਸ਼ਲੀਲ, ਗੰਦੇ-ਮੰਦੇ, ਭੱਦੇ, ਲੁੱਚੇ
ਅਸੀਂ ਕੁਝ ਸ਼ਬਦਾਂ ਨੂੰ
ਇਸੇ ਤਰ੍ਹਾਂ ਜਾਣਦੇ ਹਾਂ
ਪਰ ਉਸ ਦੀ ਜ਼ੁਬਾਨੋਂ
ਇਹ ਬੁਰੇ ਨਹੀਂ ਲਗਦੇ
ਉਹ ਸੱਚ ਆਖਦੀ ਹੈ
ਬਿਨਾਂ ਸਮਝਿਆਂ ਤਾਂ ਬੰਦੇ ਵੀ
ਬੇ-ਅਰਥੇ ਹੁੰਦੇ ਨੇ

ਉਹ ਆਖਦੀ ਹੈ
ਭੱਜ ਜਾਣਾ ਚਾਹੁੰਦੀ ਹਾਂ ਮੈਂ
ਕਿਧਰੇ ਹੋਰ
ਲੱਭਦੀ ਹੋਈ ਆਪਣਾ
ਧਰਤ, ਧਵਲ, ਅਕਾਸ
ਤੇ ਮੇਰੀ ਸਿਆਣਪ
ਅਕਸਰ ਹੀ ਖਾ ਜਾਂਦੀ ਹੈ
ਉਸ ਦੇ ਸੁਪਨਿਆਂ ਦੀ ਉਡਾਨ

ਮੈਂ ਹਰ ਵਾਰ ਵਰਜਦਾ ਹਾਂ ਉਸ ਨੂੰ
ਉਹ ਸਿਮਟ ਜਾਂਦੀ ਹੈ ਫੇਰ
ਆਪਣੇ ਅੰਦਰ
ਆਪਣੇ ਕੋਲ
ਕਦੇ ਮੇਰੇ ਕੋਲ
ਫੇਰ ਉਹ ਕੁਝ ਨਹੀਂ ਆਖਦੀ
ਮੈਂ ਉਸ ਦੇ ਬੋਲਣ ਦੀ ਉਡੀਕ ਕਰਨ ਲਗਦਾ ਹਾਂ
ਹੁਣ ਮੈਂ ਵੀ ਕੀ ਆਖਾਂ
ਮੈਂ ਚੁੱਪ ਹੁੰਦਾ ਹਾਂ

Scanned by CamScanner

ਮੈਂ ਕਿਸਾਨ ਹਾਂ

ਹਰਮੀਤ ਸਿੰਘ ਅਟਵਾਲ

ਮੈਂ ਸਾਰਥ ਹਾਂ

ਇੱਕ ਸ਼ਾਂਤ
ਸਾਂ ਦੀਆਂ ਅੱਖਾਂ ਤੇ
ਛੋਟਾ ਜੇ

Caliber Publications
Patiala Punjab 147002
Mob. 98154-48598, 80548-69313
caliberpublications@gmail.com

ISBN: 978-93-85235-17-7
Rs. 220/-

Scanned by CamScanner